

**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 3

May 1, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



**Golden State Truck Sales Inc.**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਗੁਰਮਤਿ ਸਮਾਗਮ ਅਤੇ ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ ਨੂੰ ਰੱਖਿਆ ਜਾਵੇਗਾ

ਇਸ਼ਤਿਹਾਰ ਦੇਖੋ ਸਫਾ 2 'ਤੇ ਅਤੇ ਖਬਰ ਪੜ੍ਹੋ ਸਫਾ 3 'ਤੇ)



ਸ. ਤੀਰਥ ਸਿੰਘ ਸੋਹਲ ਨੇ ਆਪਣੇ ਘਰ ਅਤੇ ਵਪਾਰ ਦੀ ਖੁਸ਼ਹਾਲੀ ਲਈ ਅਖੰਡ ਪਾਠ ਸਾਹਿਬ ਕਰਵਾਏ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12, 13 'ਤੇ)**



ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਬੱਧਣ ਅਤੇ ਇੰਦਰਜੀਤ ਪਡਵੱਗਾ (ਜਨਰਲ ਸਕੱਤਰ) ਅਤੇ ਗੁਰੂ ਘਰ ਦੇ ਗ੍ਰੰਥੀ ਭਾਈ ਜਸਪਾਲ ਸਿੰਘ, ਗੁਰੂ ਘਰ ਦੇ ਸਾਬਕਾ ਪ੍ਰਧਾਨ ਕੇਵਲ ਬੋਲੀਨਾ ਨੂੰ ਸਨਮਾਨਿਤ ਕਰਦੇ ਹੋਏ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 5 'ਤੇ)**

# ਨਾਮਜ਼ਦਗੀਆਂ ਦਾ ਦੌਰ ਆਰੰਭ ਹੋਣ ਨਾਲ ਹੀ ਪੰਜਾਬ ਵਿਚ ਚੋਣ ਮੈਦਾਨ ਭਖਿਆ

## ਪ੍ਰਨੀਤ ਕੌਰ, ਸੁਖਬੀਰ ਬਾਦਲ, ਸੰਨੀ ਦਿਓਲ, ਢੀਂਡਸਾ, ਚੰਦੂਮਾਜਰਾ, ਤਿਵਾੜੀ ਤੇ ਹੋਰਾਂ ਨੇ ਪਰਚੇ ਭਰੇ

**ਚੰਡੀਗੜ੍ਹ (ਬਿਊਰੋ)–** ਉਮੀਦਵਾਰਾਂ ਦੇ ਐਲਾਨ ਤੋਂ ਬਾਅਦ ਪੰਜਾਬ ਦੀਆਂ 13 ਸੰਸਦੀ ਸੀਟਾਂ ਲਈ ਸ਼੍ਰੋਮਣੀ





ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਕਾਂਗਰਸ, ਆਮ ਆਦਮੀ ਪਾਰਟੀ, ਪੰਜਾਬ ਜਮਹੂਰੀ ਗੱਠਜੋੜ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ), ਹੋਰਾਂ ਪਾਰਟੀਆਂ ਨਾਲ ਸਬੰਧਤ ਤੇ ਆਜ਼ਾਦ ਉਮੀਦਵਾਰਾਂ ਨੇ 385 ਨਾਮਜ਼ਦਗੀਆਂ ਦਾਖ਼ਲ ਕੀਤੀਆਂ ਹਨ। ਕਾਗਜ਼ ਭਰਨ ਦੇ ਆਖ਼ਰੀ ਦਿਨ 188 ਨਾਮਜ਼ਦਗੀਆਂ ਦਾਖ਼ਲ ਹੋਈਆਂ। ਹੁਣ ਕਾਗਜ਼ਾਂ ਦੀ ਪੜਤਾਲ ਹੋਵੇਗੀ, ਉਮੀਦਵਾਰਾਂ ਨੂੰ 2 ਮਈ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਠਿੰਡਾ ਸੰਸਦੀ ਹਲਕੇ ਤੋਂ ਕਾਗਜ਼ ਦਾਖ਼ਲ ਕੀਤੇ। ਆਖ਼ਰੀ ਦਿਨ ਜਿਨ੍ਹਾਂ ਪ੍ਰਮੁੱਖ ਉਮੀਦਵਾਰਾਂ ਵੱਲੋਂ ਪਰਚੇ ਭਰੇ ਗਏ ਹਨ, ਉਨ੍ਹਾਂ ਵਿਚ ਫ਼ਿਲਮ ਅਦਾਕਾਰ ਅਜੈ ਸਿੰਘ ਉਰਫ਼ ਸੰਨੀ ਦਿਓਲ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਮੰਤਰੀ ਮਨੀਸ਼ ਤਿਵਾੜੀ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸ਼ੇਰ ਸਿੰਘ ਘੁਬਾਇਆ ਆਦਿ ਸ਼ਾਮਲ ਹਨ। ਪੰਜਾਬ ਵਿਚ ਵੋਟਾਂ ਅੰਤਿਮ ਗੇੜ 'ਚ 19 ਮਈ ਨੂੰ ਪੈਣੀਆਂ। ਗੁਰਦਾਸਪੁਰ ਤੋਂ ਹਲਕਾ ਖਡੂਰ ਸਾਹਿਬ ਤੋਂ

**(ਬਾਕੀ ਸਫਾ 8 'ਤੇ)**




MANDEEP SANDHU

**SANDHU IMMIGRATION CONSULTANT**

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms, Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)


## ਸ਼ਰਨਾਰਥੀਆਂ ਲਈ ਟੈਕਸਾਸ 'ਚ ਟੈਂਟ ਸਿਟੀ ਬਣਾ ਰਿਹਾ ਅਮਰੀਕਾ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਨੇ ਟੈਕਸਾਸ ਸੂਬੇ 'ਚ ਮੈਕਸੀਕੋ ਸਰਹੱਦ ਕੋਲ ਟੈਂਟ ਲਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਟੈਂਟਾਂ 'ਚ ਹਿਰਾਸਤ 'ਚ ਲਏ ਜਾਣ ਵਾਲੇ ਸ਼ਰਨਾਰਥੀਆਂ ਨੂੰ ਰੱਖਿਆ ਜਾਵੇਗਾ। ਟੈਕਸਾਸ ਦੇ ਅਲ ਪਾਸੋ ਸ਼ਹਿਰ 'ਚ ਸਥਿਤ ਫ੍ਰੈਂਕਲਿਨ ਪਹਾੜ ਦੀ ਤਲਹਟੀ 'ਚ ਪਿਛਲੇ ਕੁਝ ਦਿਨਾਂ ਤੋਂ ਟੈਂਟ ਲਾਉਣ ਦਾ ਕੰਮ ਚੱਲ ਰਿਹਾ ਹੈ। ਟੈਂਟ ਵਾਲੀ ਥਾਂ ਕੋਲ ਹੀ ਬਾਰਡਰ ਪੈਟਰੋਲ ਸਟੇਸ਼ਨ ਵੀ ਹੈ। ਦੋ ਵੱਡੇ ਆਕਾਰ ਦੇ ਟੈਂਟ



ਲਾਉਣ ਦਾ ਕੰਮ ਪੂਰਾ ਹੋ ਗਿਆ ਹੈ। ਅੰਦਰੂਨੀ ਕੰਮ ਆਖ਼ਰੀ ਪੜਾਅ 'ਚ ਹੈ। ਇਨ੍ਹਾਂ ਟੈਂਟਾਂ ਨੂੰ ਇਕ ਮਈ ਤੋਂ ਖੋਲ੍ਹੇ ਜਾਣ ਦੀ ਸੰਭਾਵਨਾ ਹੈ। ਅਮਰੀਕਾ 'ਚ ਨਾਜਾਇਜ਼ ਤੌਰ 'ਤੇ ਸ਼ਰਨਾਰਥੀਆਂ ਨੂੰ ਦਾਖ਼ਲ ਹੋਣ ਤੋਂ ਰੋਕਣ ਲਈ ਮੁਹਿੰਮ ਛੇੜਨ ਵਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਐਤਵਾਰ ਨੂੰ ਕਿਹਾ, 'ਬੱਚਿਆਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਤੋਂ ਵੱਖ ਕੀਤਾ ਜਾਣਾ ਬਿਲਕੁਲ ਗ਼ਲਤ ਹੈ। ਸਮੱਸਿਆ ਇਹ ਹੈ ਕਿ 10 ਗੁਣਾ ਜ਼ਿਆਦਾ ਲੋਕ ਆਪਣੇ ਪਰਿਵਾਰ ਨਾਲ ਚੱਲੇ ਆ ਰਹੇ ਹਨ।




**REAL ESTATE INVESTMENTS? BUY OR SELL PROPERTY? 1031 EXCHANGE? NEW HOMES?**

ONE STOP SHOP FOR YOU

Few areas are growing rapidly, Tracy, Lathrop, Manteca, Mountain House,

We can help you get loan approval, purchase, mange your property and handle all repairs tracy, Lathrop, Manteca, Mountain house

Expert Realtor Parth Ghai 209-420-5653
Hindi, Punjabi and English, Call Anytime 209-420-5653
Valley Pacific Realty and Investments Stockton # 01722418

**BAGGA JEWELERS**

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



RAMESH SUMAN
Broker Realtor
RCS-D ™

**MAJESTIC HOMES**

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

**Amrik Chand (CPA)**

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

ੴ ਸਤਿਗੁਰ ਪ੍ਰਸਾਦਿ॥

# 11ਵਾਂ ਸਾਲਾਨਾ ਗੁਰਮਤਿ ਸਮਾਗਮ ਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ

ਮਿਤੀ 12 ਮਈ 2019, ਦਿਨ ਐਤਵਾਰ



## ਸਮਾਗਮ ਦਾ ਵੇਰਵਾ

### 10 ਮਈ 2019,ਦਿਨ ਸ਼ੁੱਕਰਵਾਰ

ਆਰੰਭ ਸ੍ਰੀ ਅਖੰਡ ਪਾਠ ਸਾਹਿਬ____________________ ਸਵੇਰੇ 10 ਵਜੇ

### 10 ਅਤੇ 11 ਮਈ 2019 (ਸ਼ਾਮ ਦਾ ਪ੍ਰੋਗਰਾਮ)

ਪਾਠ ਸੋਦਰੁ__________________________6 ਵਜੇ ਤੋਂ 6:25 ਤੱਕ

ਕੀਰਤਨ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ_______6:30 ਤੋਂ 7:15 ਤੱਕ

ਕਥਾ-ਭਾਈ ਪਿੰਦਰਪਾਲ ਸਿੰਘ ਜੀ________________7:15 ਤੋਂ 8:30 ਤੱਕ

### 12 ਮਈ 2019, ਦਿਨ ਐਤਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ______________________ਸਵੇਰੇ 10 ਵਜੇ

ਕੀਰਤਨ ਭਾਈ ਜਸਪਾਲ ਸਿੰਘ ਜੀ ਸਾਰੰਗ__________10 ਵਜੇ ਤੋਂ 10:15 ਤੱਕ

ਕੀਰਤਨ ਭਾਈ ਸੁਖਵਿੰਦਰ ਸਿੰਘ ਜੀ _____________10:15 ਤੋਂ 10:30 ਤੱਕ

ਕੀਰਤਨ ਭਾਈ ਜਗਜੀਤ ਸਿੰਘ ਜੀ ਯੋਗੀ____________10:30 ਤੋਂ 10:45 ਤੱਕ

ਕੀਰਤਨ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ _______10:45 ਤੋਂ 11:45 ਤੱਕ

ਕਥਾ:ਭਾਈ ਪਿੰਦਰਪਾਲ ਸਿੰਘ ਜੀ___________11:45 ਤੋਂ ਦੁਪਹਿਰ 1 ਵਜੇ ਤੱਕ

ਗੁਰਦੁਆਰਾ ਸਾਹਿਬ ਦੇ ਨਵੇਂ ਦਰਬਾਰ ਸਾਹਿਬ ਦਾ ਨੀਂਹ ਪੱਥਰ_____1:15 ਵਜੇ


## ਪਹੁੰਚ ਰਹੀਆਂ ਸ਼ਖ਼ਸੀਅਤਾਂ



ਭਾਈ ਗੁਰਚਰਨ ਸਿੰਘ ਜੀ ਸੁਲਤਾਨਪੁਰੀ



ਭਾਈ ਪਿੰਦਰਪਾਲ ਸਿੰਘ ਜੀ



ਭਾਈ ਅਨੂਪ ਸਿੰਘ ਜੀ ਊਨਾ ਸਾਹਿਬ



ਭਾਈ ਜਗਜੀਤ ਸਿੰਘ ਯੋਗੀ



ਭਾਈ ਸੁਖਵਿੰਦਰ ਸਿੰਘ ਜੀ



ਭਾਈ ਜਸਪਾਲ ਸਿੰਘ ਜੀ ਸਾਰੰਗ

ਨੋਟ:-ਸਮਾਗਮ ਵਿੱਚ ਤਰ੍ਹਾਂ ਤਰਾਂ ਦੇ ਫੂਡ ਸਟਾਲਜ਼ ਅਤੇ ਖਰੀਦੋ ਫਰੋਖਤ ਦੀਆਂ ਵਸਤੂਆਂ ਦੇ ਸਟਾਲਾਂ ਦਾ ਖਾਸ ਪ੍ਰਬੰਧ ਹੋਵੇਗਾ।

ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਮਤਿ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਅਤੇ ਦਸਵੰਧ ਦੇ ਕੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਜੀ।

## ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ

1090 Main Street Roseville CA 95678 , 916-298-4913

# ਵੱਡੇ ਬਾਦਲ ਦੇ ਨੂੰਹ ਦੇ ਕਵਰਿੰਗ ਉਮੀਦਵਾਰ ਵਜੋਂ ਭਰੇ ਕਾਗਜ਼ ਰੱਦ

**ਚੰਡੀਗੜ੍ਹ-** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਠਿੰਡਾ ਤੋਂ ਚੋਣ ਲੜ ਰਹੀ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਦੇ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਕਾਗਜ਼ ਦਾਖਲ ਕਰਵਾਏ ਸਨ ਪਰ ਨਾਮਜ਼ਦਗੀ ਪੱਤਰਾਂ ਦੀ ਜਾਂਚ ਪੜਤਾਲ ਦੌਰਾਨ 74 ਉਮੀਦਵਾਰਾਂ ਦੇ ਕਾਗਜ਼ ਰੱਦ ਹੋ ਗਏ ਹਨ, ਜਿਨ੍ਹਾਂ ਉਮੀਦਵਾਰਾਂ ਦੇ ਕਾਗਜ਼ ਰੱਦ ਹੋਏ ਹਨ ਉਨ੍ਹਾਂ 'ਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਹਨ।



ਪੰਜਾਬ ਵਿੱਚ ਅੱਜ ਨਾਮਜ਼ਦਗੀਆਂ ਦੀ ਪੜਤਾਲ ਦੌਰਾਨ 12 ਸੰਸਦੀ ਹਲਕਿਆਂ (ਆਨੰਦਪੁਰ ਸਾਹਿਬ ਨੂੰ ਛੱਡ ਕੇ) ਤੋਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਵਰਿੰਗ ਉਮੀਦਵਾਰਾਂ ਵਜੋਂ ਨਾਮਜ਼ਗੀਆਂ ਦਾਖ਼ਲ ਕਰਨ ਵਾਲੀਆਂ ਸਿਆਸੀ ਹਸਤੀਆਂ ਤੇ ਸਿਆਸਤਦਾਨਾਂ ਦੇ ਸਕੇ-ਸਬੰਧੀਆਂ ਦੇ ਪਰਚੇ ਰੱਦ ਹੋ ਗਏ। ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੇ ਕਵਰਿੰਗ ਉਮੀਦਵਾਰ ਵਜੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੋਮਵਾਰ ਨੂੰ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਸਨ ਤੇ ਉਨ੍ਹਾਂ ਦੇ ਕਾਗਜ਼ ਪੜਤਾਲ ਦੌਰਾਨ ਰੱਦ ਹੋ ਗਏ। ਹਾਲਾਂਕਿ ਰਾਜਸੀ ਹਲਕਿਆਂ ਵਿੱਚ ਇਹ ਅਟਕਲਾਂ ਲਾਈਆਂ ਜਾ ਰਹੀਆਂ ਸਨ ਕਿ ਵੱਡੇ ਬਾਦਲ ਆਪਣੀ ਨੂੰਹ ਦੀ ਥਾਂ ਬਠਿੰਡਾ ਸੰਸਦੀ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਵੀ ਹੋ ਸਕਦੇ ਹਨ। ਇਸੇ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਦੇ ਪਰਚੇ ਵੀ ਰੱਦ ਹੋ ਗਏ। ਜਲੰਧਰ, ਫਤਿਹਗੜ੍ਹ ਸਾਹਿਬ, ਸੰਗਰੂਰ, ਹੁਸ਼ਿਆਰਪੁਰ, ਖਡੂਰ ਸਹਿਬ ਤੇ ਹੋਰਨਾਂ ਹਲਕਿਆਂ ਤੋਂ ਵੀ ਕਵਰਿੰਗ ਉਮੀਦਵਾਰਾਂ ਦੇ ਕਾਗਜ਼ ਰੱਦ ਹੋਏ।

ਪੰਜਾਬ ਦੇ 13 ਸੰਸਦੀ ਹਲਕਿਆਂ ਲਈ ਕੁੱਲ 385 ਨਾਮਜ਼ਦਗੀਆਂ ਦਾਖ਼ਲ ਹੋਈਆਂ ਸਨ ਅਤੇ ਪੜਤਾਲ ਦੌਰਾਨ 12 ਹਲਕਿਆਂ ਤੋਂ 76 ਕਾਗਜ਼ ਰੱਦ ਹੋਏ ਹਨ। ਰਾਜ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗੁਰਦਾਸਪੁਰ ਹਲਕੇ ਤੋਂ 23 ਨਾਮਜ਼ਦਗੀਆਂ ਦਾਖ਼ਲ ਹੋਈਆਂ ਤੇ ਅੱਜ ਸੱਤ ਰੱਦ ਹੋ ਗਈਆਂ। ਅੰਮ੍ਰਿਤਸਰ ਵਿੱਚ 37 ਨਾਮਜ਼ਦਗੀਆਂ ਵਿੱਚੋਂ ਸੱਤ ਰੱਦ ਹੋਈਆਂ, ਖਡੂਰ ਸਾਹਿਬ 'ਚ 32 ਵਿੱਚੋਂ 10, ਜਲੰਧਰ (ਰਾਖਵਾਂ) ਵਿੱਚ 27 'ਚੋਂ ਸੱਤ, ਹੁਸ਼ਿਆਰਪੁਰ (ਰਾਖਵਾਂ) ਵਿਚ 15 ਵਿੱਚੋਂ ਸੱਤ, ਫਤਹਿਗੜ੍ਹ ਸਹਿਬ (ਰਾਖਵਾਂ) 'ਚ 31 'ਚੋਂ ਨੌਂ, ਫ਼ਰੀਦਕੋਟ (ਰਾਖਵਾਂ) 'ਚ 28 ਵਿੱਚੋਂ ਚਾਰ, ਫਿਰੋਜ਼ਪੁਰ 'ਚ 27 ਵਿੱਚੋਂ ਪੰਜ, ਬਠਿੰਡਾ ਵਿੱਚ 36 ਵਿੱਚੋਂ ਛੇ, ਸੰਗਰੂਰ ਵਿੱਚ 32 ਵਿੱਚੋਂ ਚਾਰ, ਪਟਿਆਲਾ ਵਿੱਚ 33 ਵਿੱਚੋਂ ਤਿੰਨ, ਲੁਧਿਆਣਾ 'ਚ 28 'ਚੋਂ ਸੱਤ ਨਾਮਜ਼ਦਗੀਆਂ ਰੱਦ ਹੋਈਆਂ ਹਨ।

# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਗੁਰਮਤਿ ਸਮਾਗਮ ਅਤੇ ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ ਨੂੰ ਰੱਖਿਆ ਜਾਵੇਗਾ



**ਰੋਜ਼ਵਿਲ-** ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਗਿਆਰਵਾਂ ਸਾਲਾਨਾ ਗੁਰਮਤਿ ਸਮਾਗਮ ਅਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ ਨੂੰ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ 10 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਹਨਾਂ ਦੇ ਭੋਗ 12 ਮਈ ਨੂੰ ਸਵੇਰੇ 10 ਵਜੇ ਪੈਣਗੇ।

ਇਸ ਸਮਾਗਮ ਵਿਚ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਅਤੇ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ ਜੋ ਕਿ 10 ਅਤੇ 11 ਮਈ ਨੂੰ ਸ਼ਾਮ ਦੇ ਸਮਾਗਮ ਅਤੇ 12 ਮਈ ਦੁਪਹਿਰ ਦੇ ਸਮਾਗਮਾਂ ਵਿਚ ਹਾਜ਼ਰੀ ਭਰਨਗੇ। 12 ਮਈ ਨੂੰ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ 1 ਵਜੇ ਰੱਖਿਆ ਜਾਵੇਗਾ। ਸਮੂਹ ਸੰਗਤਾਂ ਨੂੰ ਹੁੰਮ-ਹੁੰਮਾ ਕੇ ਪਹੁੰਚਣ ਅਤੇ ਤਨ, ਮਨ ਅਤੇ ਧਨ ਨਾਲ ਸੇਵਾ ਦਾਨ ਲਈ ਬੇਨਤੀ ਕੀਤੀ ਜਾਂਦੀ ਹੈ।

ਸਮਾਗਮ ਵਿਚ ਫੂਡ ਸਟਾਲਾਂ ਅਤੇ ਖਰੀਦੋ-ਫਰੋਖਤ ਦੀਆਂ ਸਟਾਲਾਂ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਸਮਾਗਮ ਸਬੰਧੀ ਕੋਈ ਜਾਣਕਾਰੀ ਲੈਣ ਲਈ 916-298-4913 'ਤੇ ਕਾਲ ਕਰ ਸਕਦੇ ਹੋ।

# ਸੰਨੀ ਦਿਓਲ ਦੇ ਫਿਲਮੀ ਅੰਦਾਜ਼ ਪ੍ਰਚਾਰ ਦੇ ਦੀਵਾਨੇ ਹੋਏ ਗੁਰਦਾਸਪੁਰ ਦੇ ਲੋਕ

**ਗੁਰਦਾਸਪੁਰ-** ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਫ਼ਿਲਮ ਅਦਾਕਾਰ ਅਜੇ ਸਿੰਘ ਧਰਮਿੰਦਰ ਦਿਓਲ ਉਰਫ਼ ਸੰਨੀ ਦਿਓਲ ਨੇ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਕੋਲ ਆਪਣੇ ਨਾਮਜ਼ਦਗੀ ਕਾਗ਼ਜ਼ ਦਾਖ਼ਲ ਕਰਵਾਏ। ਇਸ ਮੌਕੇ ਜਦੋਂ ਅਧਿਕਾਰੀ ਨੇ ਸਨੀ ਦਿਓਲ ਨੂੰ ਸਹੁੰ ਚੁੱਕਣ ਲਈ ਅੰਗਰੇਜ਼ੀ ਜਾਂ ਪੰਜਾਬੀ ਭਾਸ਼ਾ ਬਾਰੇ ਪੁੱਛਿਆ ਤਾਂ ਉਹ ਕੋਈ ਸਪਸ਼ਟ ਜਵਾਬ ਨਾ ਦੇ ਸਕੇ। ਮੌਕੇ 'ਤੇ ਮੌਜੂਦ ਭਾਜਪਾ ਦੇ ਸੂਬਾ ਪ੍ਰਧਾਨ ਸ਼ਵੇਤ ਮਲਿਕ ਨੇ ਪੰਜਾਬੀ ਭਾਸ਼ਾ ਵਿੱਚ ਸਹੁੰ ਚੁੱਕਣ ਬਾਰੇ ਕਿਹਾ। ਪਰ ਸਨੀ ਦਿਓਲ ਤੋਂ ਪੰਜਾਬੀ ਨਾ ਪੜ੍ਹੀ ਜਾਣ ਕਰਕੇ ਇੱਕ ਸਰਕਾਰੀ ਮਹਿਲਾ ਅਧਿਕਾਰੀ ਨੇ ਉਸ ਨੂੰ ਪੰਜਾਬੀ ਭਾਸ਼ਾ ਵਿੱਚ ਸਹੁੰ ਚੁਕਵਾਈ। ਸੰਨੀ ਦਿਓਲ ਨੇ ਮਹਿਲਾ ਅਧਿਕਾਰੀ ਦੇ ਪਿੱਛੇ ਪਿੱਛੇ ਬੋਲ ਕੇ ਸਹੁੰ ਦੀ ਰਸਮ ਪੂਰੀ ਕੀਤੀ। ਇਸ ਦੌਰਾਨ ਪਹਿਲਾਂ ਕੀਤੇ ਐਲਾਨ ਮੁਤਾਬਕ ਸੁਖਬੀਰ ਸਿੰਘ ਬਾਦਲ ਤੇ ਸਨੀ ਦੇ ਪਿਤਾ ਧਰਮਿੰਦਰ ਨਾ ਪਹੁੰਚੇ। ਸਨੀ ਨਾਲ ਉਸ ਦਾ ਭਰਾ ਬੌਬੀ ਦਿਓਲ ਪਹੁੰਚਿਆ ਸੀ। ਇਸ ਤੋਂ ਇਲਾਵਾ ਭਾਜਪਾ ਦੇ ਸੂਬਾ ਪ੍ਰਧਾਨ ਸ਼ਵੇਤ ਮਲਿਕ, ਕੇਂਦਰੀ ਮੰਤਰੀ ਜਨਰਲ ਵੀ.ਕੇ ਸਿੰਘ,



ਮਰਹੂਮ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਆਦਿ ਪਹੁੰਚੇ ਹੋਏ ਸਨ। ਨਾਮਜ਼ਦਗੀ ਦਾਖ਼ਲ ਕਰਨ ਲਈ ਸ੍ਰੀ ਦਿਓਲ ਨਿਰਧਾਰਿਤ ਸਮੇਂ ਤੋਂ ਕਰੀਬ ਦੋ ਘੰਟੇ ਦੇਰੀ ਨਾਲ ਪਹੁੰਚੇ। ਨਿਰਧਾਰਿਤ ਪ੍ਰੋਗਰਾਮ ਬਦਲ ਕੇ ਪਹਿਲਾਂ ਉਨ੍ਹਾਂ ਕਾਗਜ਼ ਭਰੇ ਤੇ ਫਿਰ ਇੱਕ ਵਜੇ ਦੇ ਕਰੀਬ ਰੈਲੀ ਵਾਲੀ ਜਗ੍ਹਾ ਪਹੁੰਚੇ। ਇੱਥੋਂ ਦੀ ਨਗਰ ਸੁਧਾਰ ਟਰੱਸਟ ਕਾਲੋਨੀ ਦੀ ਤਿੱਬੜੀ ਰੋਡ ਸਥਿਤ ਸਕੀਮ ਨੰਬਰ ਸੱਤ ਵਿੱਚ ਕਰਵਾਈ ਚੋਣ ਰੈਲੀ ਨੂੰ ਸਨੀ ਦਿਓਲ ਨੇ ਕਰੀਬ ਤਿੰਨ ਮਿੰਟ ਲਈ ਸੰਬੋਧਨ ਕੀਤਾ। ਭਾਸ਼ਣ ਦਾ ਆਰੰਭ ਪੀਲੀ ਪਗੜੀ ਬੰਨ੍ਹ ਕੇ ਆਏ ਸੰਨੀ ਦਿਓਲ ਨੇ ਆਪਣੇ ਢਾਈ ਕਿਲੋ ਦੇ ਹੱਥ ਵਾਲੇ ਫ਼ਿਲਮੀ ਡਾਇਲਾਗ ਤੋਂ ਕੀਤਾ। ਉਨ੍ਹਾਂ ਕਿਹਾ ਕਿ ਰਾਜਨੀਤੀ ਬਾਰੇ ਉਸ ਨੂੰ ਕੋਈ ਬਹੁਤੀ ਜਾਣਕਾਰੀ ਨਹੀਂ, ਪਰ ਉਹ ਸੱਚੇ ਦੇਸ਼ ਭਗਤ ਹਨ। ਉਨ੍ਹਾਂ ਕਿਹਾ ਕਿ ਉਹ ਗੁਰਦਾਸਪੁਰ ਵਾਸੀਆਂ ਦੇ ਬੁਲਾਉਣ ਤੇ ਇੱਥੇ ਆਏ ਹਨ। ਇਸ ਰੈਲੀ ਨੂੰ ਸੰਬੋਧਨ ਵਿੱਚ ਉਨ੍ਹਾਂ ਕਿਸੇ ਸਥਾਨਕ ਮੁੱਦੇ ਦੇ ਕੋਈ ਗੱਲ ਨਹੀਂ ਕੀਤੀ। ਰੈਲੀ ਦੌਰਾਨ ਫ਼ਤਿਹਗੜ੍ਹ ਚੂੜੀਆਂ ਦੇ ਅਕਾਲੀ ਵਰਕਰ ਨੇ ਸਨੀ ਦਿਓਲ ਨੂੰ ਨਲਕਾ ਭੇਟ ਕੀਤਾ।

ਗੁਰਦਾਸਪੁਰ ਲੋਕ ਸਭਾ ਸੀਟ ਤੋਂ ਭਾਜਪਾ ਟਿਕਟ ਦੀ ਦਾਅਵੇਦਾਰ ਰਹੀ ਕਵਿਤਾ ਖੰਨਾ ਸਨੀ ਦਿਓਲ ਨੂੰ ਮੈਦਾਨ ਵਿੱਚ ਉਤਾਰੇ ਜਾਣ ਮਗਰੋਂ ਉਨ੍ਹਾਂ ਦੇ ਪ੍ਰਚਾਰ ਲਈ ਨਾਲ ਤੁਰੀ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਲੋਕਾਂ ਨੂੰ ਸਨੀ ਦਿਓਲ ਨੂੰ ਵੋਟਾਂ ਦੇਣ ਦੀ ਅਪੀਲ ਕੀਤੀ। ਉਨ੍ਹਾਂ ਮੌਜੂਦ ਲੋਕਾਂ ਨੂੰ ਖੜ੍ਹੇ ਹੋ ਕੇ ਵਿਨੋਦ ਖੰਨਾ ਨੂੰ ਸ਼ਰਧਾਂਜਲੀ ਦੇਣ ਦੀ ਅਪੀਲ ਕੀਤੀ।

**81 ਕਰੋੜ ਦੀ ਜਾਇਦਾਦ ਦੇ ਮਾਲਕ ਸਨੀ**

ਗੁਰਦਾਸਪੁਰ ਤੋਂ ਭਾਜਪਾ ਉਮੀਦਵਾਰ ਸਨੀ ਦਿਓਲ ਦੀ ਚੱਲ ਜਾਇਦਾਦ 60 ਕਰੋੜ 46 ਲੱਖ 83 ਹਜ਼ਾਰ ਤੇ ਅਚੱਲ ਸੰਪਤੀ 21 ਕਰੋੜ 17 ਹਜ਼ਾਰ ਰੁਪਏ ਦੀ ਹੈ। ਉਨ੍ਹਾਂ ਦੀ ਪਤਨੀ ਲਿੰਡਾ ਦਿਓਲ ਕੋਲ 5 ਕਰੋੜ 72 ਲੱਖ 23 ਹਜ਼ਾਰ 917 ਰੁਪਏ ਦੀ ਜਾਇਦਾਦ ਹੈ।


SRI GURU RAVIDASS SABHA PITTSBURG (CA)

2150 CRESTVIEW DRIVE, Pittsburg CA 94565 Tel: (925) 439-2355

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

*Guru Piari Sadh Sangat Ji,*

*Devoted families are requesting entire Sangat to attend the following functions:*

**May 19, 2019**

*Sukhmani Sahib Path Langar Sewa by Bhai Joginder Singh and Bibi Gurmeet Kaur*

*Sri Sukhmani Sahib Path and Langar Sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep HIS blessing on the family.*

*"NANAK NAM CHARDI KALA TERE BHANE SARBAT DA BHALA"*

*Please visit Gurughar website for information: WWW.SriGuruRavidassTemple.com*

*NOTE: Sewa is available for the dates with ***.*

*Please contact General Secretary at 209.834.4641 for more information.*

Sangat Sewadars

Chairman
Ramesh Suman
925-366-3618

President
Kashmiri Bhatia
408-460-0262

General Secretary
Dilbag Singh
209-834-4641

Treasurer
Narinder Chahal
209- 627-7974



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਵਿਸਾਖੀ ਸਮਾਗਮ ਹੋਏ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਦਮਦਮੀ ਟਕਸਾਲ ਦੀ ਰਹਿਨੁਮਾਈ ਅੰਦਰ ਚਲਾਏ ਜਾ ਰਹੇ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਵਿਸਾਖੀ ਨੂੰ ਸਮਰਪਿਤ ਗੁਰਮਤਿ ਸਮਾਗਮ ਹੋਏ ਅਤੇ ਵਿਸ਼ੇਸ਼ ਖੇਡਾਂ ਕਰਵਾਈਆਂ ਗਈਆਂ। ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਜੇ ਦੀਵਾਨਾ ਵਿੱਚ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾ ਹੋਈਆ। ਜਿੱਥੇ ਇਹ ਸਮਾਗਮ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਨ, ਉੱਥੇ ਭਾਰਤ ਦੀ ਅਜ਼ਾਦੀ ਵਿੱਚ ਹਿੱਸਾ ਲੈਣ ਵਾਲੇ ਸ਼ਹੀਦ ਗਦਰੀ ਬਾਬੇ ਵਿਸਾਖਾ ਸਿੰਘ ਦੇ ਦੇ ਜਨਮ ਦਿਨ ਨੂੰ ਸਮਰਪਿਤ ਵੀ ਪ੍ਰੋਗਰਾਮ ਮਨਾਏ ਗਏ। ਜਿਸ ਬਾਰੇ ਗੱਲਬਾਤ ਕਰਦੇ ਹੋਏ ਸ. ਹਰਜਿੰਦਰ ਸਿੰਘ ਪੰਨੂ ਨੇ ਵਿਸ਼ੇਸ਼ ਜਾਣਕਾਰੀ ਦਿੱਤੀ। ਇਸ ਸਮੇਂ ਕਰਵਾਈਆਂ ਗਈਆਂ ਖੇਡਾਂ ਵਿੱਚ ਗਤਕੇ ਦੇ ਮੁਕਾਬਲੇ, ਘੋੜ ਸਵਾਰੀ, ਚਾਟੀ ਰੇਸ਼, ਬੋਰੀ ਰੇਸ਼, ਰੱਸਾਕਸ਼ੀ, ਬਾਸਕਟਬਾਲ ਅਤੇ ਹੋਰ ਵਿਰਾਸਤੀ ਖੇਡਾਂ ਕਰਵਾਈਆਂ ਗਈਆਂ। ਸਮੁੱਚੇ ਸਮਾਗਮਾਂ ਦੌਰਾਨ ਗੁਰੂਘਰ ਦਾ ਸਮੁੱਚਾ ਮਹੌਲ ਸੰਗਤਾਂ ਦੇ ਭਾਰੀ ਇਕੱਠ ਕਰਕੇ ਮੇਲੇ ਦੀ ਤਰ੍ਹਾਂ ਜਾਪ ਰਿਹਾ ਸੀ। ਇਸ ਸਮੇਂ ਸੰਗਤਾਂ ਦੇ ਖਰੀਦਾਰੀ ਲਈ ਵੱਖ-ਵੱਖ ਰਸਤਾਂ ਅਤੇ ਵਸਤਾਂ ਦੇ ਸਟਾਲ ਵੀ ਲੱਗੇ ਹੋਏ ਸਨ। ਪਰ ਸਭ ਤੋਂ ਵੱਧ ਖੁਸ਼ੀ ਦੀ ਗੱਲ ਇਹ ਸੀ ਕਿ ਗੁਰਮਤਿ ਅਤੇ ਇਸ ਸਮੇਂ ਸਿੱਖ ਇਤਿਹਾਸ ਨਾਲ ਸੰਬੰਧਤ ਪੁਸਤਕਾ ਪੜਨ ਦੇ ਚਾਹਵਾਨਾਂ ਲਈ ਪੁਸਤਕਾ ਦੇ ਸਟਾਲ ਵੱਲੋਂ ਮੁਫ਼ਤ ਵੰਡੀਆਂ ਜਾ ਰਹੀਆ ਸਨ। ਇਸ ਸਮੇਂ ਗੁ-ਰੂਘਰ ਦੇ ਮੁੱਖ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਮੂੰਹ ਸੰਗਤਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਗੁਰੂ ਦੇ ਲੰਗਰ ਅਤੇ ਹੋਰ ਵੱਖ-ਵੱਖ ਖਾਣਿਆਂ ਦੇ ਸਟਾਲ ਲੱਗੇ ਹੋਏ ਸਨ। ਅੰਤ ਇਹ ਸਮਾਗਮ ਗੁਰਬਾਣੀ ਵਿਚਾਰਾ ਅਤੇ ਖਾਲਸੇ ਸਮਰਪਿਤ ਖੇਡਾਂ ਨਾਲ ਜੋੜਦਾ ਹੋਇਆਂ ਯਾਦਗਾਰੀ ਹੋ ਨਿਬੜਿਆ।






# ਗੁਰਦੁਆਰਾ ਗੁਰਸਿੱਖ ਲਿੰਡਨ ਵਿਚ ਸ਼ਾਨਦਾਰ ਨਗਰ ਕੀਰਤਨ ਸਜਾਇਆ ਗਿਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਵੈਨਕੋਵਰ- ਸਰੀ (ਕੈਨੇਡਾ) ਬਾਰਡਰ ਤੋਂ 10 ਕਿਲੋਮੀਟਰ ਦੂਰ ਅਮਰੀਕਾ ਦੇ ਸ਼ਹਿਰ ਬੈਲਗਹਿੰਮ ਵਿਚ ਗੁਰਸਿੱਖ ਗੁਰਦੁਆਰਾ ਲਿੰਡਨ ਵਿਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸ਼ਾਨਦਾਰ ਨਗਰ ਕੀਰਤਨ ਸਜਾਇਆ ਗਿਆ।

ਇਸ ਮੌਕੇ ਧਾਰਮਿਕ ਦੀਵਾਨ ਸਜਾ ਕੇ ਭੋਗ ਪੈਣ ਉਪਰੰਤ ਕਥਾ-ਕੀਰਤਨ ਤੇ ਧਾਰਮਿਕ ਵਿਚਾਰਾਂ ਹੋਈਆਂ ਅਤੇ ਸਾਲਾਨਾ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਸ਼ਾਨਦਾਰ ਨਗਰ ਕੀਰਤਨ ਕੱਢਿਆ ਗਿਆ, ਜਿੱਥੇ ਦੂਰ-ਦੂਰ ਤੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਲਗਵਾਈ।



ਇਸ ਮੌਕੇ ਸੇਵਾਦਾਰਾਂ ਵੱਲੋਂ ਵੰਨ-ਸੁਵੰਨੇ ਪਕਵਾਨ ਤਿਆਰ ਕਰਕੇ ਸੰਗਤਾਂ ਨੂੰ ਲੰਗਰਾਂ ਦੇ ਰੂਪ ਵਿਚ ਛਕਾਇਆ। ਇਸ ਮੌਕੇ ਗੁਰਦੁਆਰੇ ਦੇ ਮੁੱਖ ਸੇਵਾਦਾਰ ਸੁਖਵੰਤ ਸਿੰਘ ਗਿੱਲ, ਸਾਬਕਾ ਮੁੱਖ ਸੇਵਾਦਾਰ ਮਹਿੰਦਰ ਸਿੰਘ ਸੰਘਾ, ਅਮਰਜੀਤ ਸਿੰਘ ਬਰਾੜ, ਪਰਮਜੀਤ ਸਿੰਘ ਰਮਾਣਾ ਨੇ ਕਾਉਂਟੀ ਕੌਂਸਲਰ ਸਤਪਾਲ ਸਿੰਘ ਸਿੱਧੂ, ਮਨਜੀਤ ਸਿੰਘ ਸੰਧੂ, ਜਗਜੀਤ ਸੰਧੂ ਤੇ ਲਖਵਿੰਦਰ ਸਿੰਘ ਭੁੱਚੋ ਸਮੇਤ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਨੇ ਸ਼ਾਨਦਾਰ ਇੰਤਜ਼ਾਮ ਕਰਕੇ ਪ੍ਰੋਗਰਾਮ ਨੂੰ ਸਫਲ ਬਣਾਇਆ। ਸਤਪਾਲ ਸਿੰਘ ਤੇ ਰਛਪਾਲ ਸਿੰਘ ਸੰਧੂ ਨੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਪ੍ਰਬੰਧਕਾਂ ਵੱਲੋਂ ਸਮੁੱਚੇ ਇੰਤਜ਼ਾਮ ਦੀ ਸ਼ਲਾਘਾ ਕੀਤੀ।

# ਲੋਕਾਂ ਦੀ ਭਰਵੀਂ ਹਾਜ਼ਰੀ ’ਚ ਪੰਜਾਬੀ ਕਲਚਰਲ ਸੈਂਟਰ ਯੂਐੱਸਏ ਦਾ ਉਦਘਾਟਨ

**ਫਰਿਜ਼ਨੋਂ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੰਜਾਬੀ ਕਲਚਰਲ ਸੈਂਟਰ ਯੂਐੱਸਏ ਦਾ ਉਦਘਾਟਨ ਬੀਤੇ ਦਿਨ ਰੇਡੀਓ ਸਟੇਸ਼ਨ ਦੇ ਫਰਿਜਨੋਂ ਸਟੂਡੀਓ ਦੇ ਵੇਹੜੇ ਵਿੱਚ ਕਰਵਾਈ ਇੱਕ ਸਭਿਆਚਾਰਕ ਸ਼ਾਮ ਮੌਕੇ ਵੱਡੀ ਗਿਣਤੀ ਵਿੱਚ ਜੁੜੇ ਪੰਜਾਬੀਆਂ ਦੇ ਦੀ ਹਾਜ਼ਰੀ ਵਿੱਚ ਕੀਤਾ ਗਿਆ। ਪੰਜਾਬੀ ਰੇਡੀਓ ਯੂਐੱਸਏ ਦੇ ਸੰਸਥਾਪਕ ਹਰਜੋਤ ਸਿੰਘ ਖਾਲਸਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਹ ਸੈਂਟਰ ਸਮੁਚੇ ਫਰਿਜ਼ਨੋਂ ਇਲਾਕੇ ਦੇ ਪੰਜਾਬੀ ਭਾਈਚਾਰੇ ਦੀਆਂ ਸਮਾਜਿਕ, ਸਭਿਆਚਾਰਕ, ਸਾਹਿਤਕ ਅਤੇ ਵਿਦਿਅਕ ਸਰਗਰਮੀਆਂ ਲਈ ਸਾਂਝੇ ਮੰਚ ਦਾ ਕੰਮ ਕਰੇਗਾ। ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ, ਸਾਬਕਾ ਸੰਪਾਦਕ ‘ਅੰਮ੍ਰਿਤਸਰ ਟਾਈਮਜ਼’, ਜਿਨ੍ਹਾਂ ਨੂੰ ਇਸ ਕੇਂਦਰ ਦੇ ਸੰਚਾਲਕ ਦੀ ਜੁੰਮੇਵਾਰੀ ਸੌਂਪੀ ਗਈ ਹੈ, ਨੇ ਕਿਹਾ ਕਿ ਇਸਨੂੰ ਭਾਈਚਾਰੇ ਦੇ ਪਤਵੰਤਿਆਂ, ਵੱਖ ਵੱਖ ਸਮਾਜਿਕ, ਸਭਿਆਚਾਰਕ, ਸਾਹਿਤਕ ਜਥੇਬੰਦੀਆਂ ਖ਼ਾਸ ਕਰ ਨਵੀਂ ਪੀੜੀ ਦੇ ਲਗਾਤਾਰ ਸਹਿਯੋਗ ਅਤੇ ਵਿਚਾਰ ਵਟਾਂਦਰੇ ਚਲਾਇਆ ਜਾਵੇਗਾ। ਉੱਘੇ ਵਿਦਵਾਨ ਡਾ. ਗੁਰੂਮੇਲ ਸਿੱਧੂ ਨੇ ਸੈਂਟਰ ਦੇ ਪ੍ਰਬੰਧਕਾਂ ਨੂੰ ਸ਼ਾਬਾਸ਼ ਦਿੰਦਿਆਂ ਫਰਜਿਨੋਂ ਵਾਸੀਆਂ ਨੂੰ ਅਪਣੇ ਪਰਿਵਾਰਕ, ਸਮਾਜਿਕ ਅਤੇ ਸਭਿਆਚਰਕ ਪ੍ਰੋਗਰਾਮ ਇੱਥੇ ਕਰਵਾਉਣ ਨੂੰ ਪਹਿਲ ਦੇਣ ਲਈ ਪ੍ਰੇਰਿਆ। ਸ਼ਾਇਰ ਹਰਜਿੰਦਰ ਕੰਗ ਨੇ ਫਰਿਜਨੋਂ ਇਲਾਕੇ ਵਿੱਚ ਪੰਜਾਬੀਆਂ ਲਈ ਅਜਿਹਾ ਸੈਂਟਰ ਬਣ-ਾਉਣ ਲਈ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਸਮੁੱਚੇ ਭਾਈਚਾਰੇ ਦੀ ਤਰਫੋਂ ਧੰਨਵਾਦ ਕੀਤਾ।













ਲਗਭਗ ਦੋ ਘੰਟਿਆਂ ਤੱਕ ਚੱਲੇ ਇਸ ਪ੍ਰੋਗਰਾਮ ਦੌਰਾਨ ਰਾਣੀ ਕਾਹਲੋਂ, ਜੋਤ ਰਣਜੋਤ ਅਤੇ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਗੀਤਾਂ ਨਾਲ ਮਨੋਰੰਜਨ ਕੀਤਾ। ਰਾਜਕਿਰਨਬੀਰ ਅਤੇ ਗੁਰਦੀਪ ਸ਼ੇਰਗਿੱਲ ਦੀ ਸਾਂਝੀ ਸਟੇਜ ਸੰਚਾਲਨਾ ਦੌਰਾਨ ਜੀਐੱਸਜੀ ਅਕਾਦਮੀ ਦੇ ਪਰਮਜੀਤ ਸਿੰਘ ਧਾਲੀਵਾਲ ਅਤੇ ਉਦੈਦੀਪ ਸਿੰਘ ਦੀ ਅਗਵਾਈ ਬੱਚਿਆਂ ਦੀਆਂ ਦੋ ਟੀਮਾਂ ਨੇ ਭੰਗੜੇ ਨਾਲ ਸਟੇਜ ਦੀ ਰੌਣਕ ਵਧਾਈ। ਦਿਲਪ੍ਰੀਤ ਕੌਰ ਨੇ ਗੀਤਾਂ ਉੱਤੇ ਬੜਾ ਦਿਲਕਸ਼ ਨ੍ਰਿਤ ਪੇਸ਼ ਕੀਤਾ। ਅਮਰੀਕੀ ਲੋਕ ਨੁਮਾਇੰਦੇ ਮਾਈਕੁਇਲ ਏਰੀਅਸ, ਫਰਿਜਨੋਂ ਸਿਟੀ ਕੌਂਸਲ ਮੈਂਬਰ ਡਿਸਟਰਿਕ 3, ਨੈਲਸਨ ਐਸਪਾਰਜ਼ਾ ਫਰਿਜਨੋਂ ਸਿਟੀ ਕੌਂਸਲ ਮੈਂਬਰ ਡਿਸਟਰਿਕ 7 ਅਤੇ ਟਾਈਲਰ ਮੈਕਸਵੈੱਲ ਕੈਂਡੀਡੇਟ ਫਰਿਜਨੋਂ ਸਿਟੀ ਕੌਂਸਲ ਡਿਸਟਰਿਕ 4 ਵੀ ਉੱਚੇਚਾ ਤੌਰ ਤੇ ਪੁੱਜੇ।

# ਵਿਪਸਾ ਵਲੋਂ ਗੁਲਸ਼ਨ ਦਿਆਲ ਦੀ ਪੁਸਤਕ ‘ਵਿਸ਼ਵ ਪਰਿਕਰਮਾ’ ਦਾ ਵਿਮੋਚਨ









**ਫਰੀਮਾਂਟ–** ਬੀਤੇ ਐਤਵਾਰ, ਗੋਲਡਨ ਇੰਡੀਆ ਕੁਜ਼ੀਨ, ਫਰੀਮਾਂਟ, ਕੈਲੀਫੋਰਨੀਆ ਵਿਖੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਹੀਨੇਵਾਰ ਇਕੱਤਰਤਾ, ਇਕ ਯਾਦਗਾਰੀ ਬੈਠਕ ਹੋ ਨਿਬੜੀ। ਇਸ ਵਿਚ ਚਾਰ ਵਖ ਵਖ ਸਾਹਿਤ ਸੰਸਥਾਵਾਂ ਵਿਪਸਾ ਫ੍ਰਿਜ਼ਨੋ, ਪਸਸਕ ਯੂਬਾਸਿਟੀ/ ਸੈਕਰਾਮੈਂਟੋ, ਸਾਹਿਤ ਸਭਾ ਸਟਾਕਟਨ ਅਤੇ ਮੇਜ਼ਬਾਨ ਵਿਪਸਾ ਬੇ ਏਰੀਆ ਦਿਆਂ ਪ੍ਰਤਿਨਿਧ ਸਾਹਿਤਕਾਰਾਂ ਨੇ ਸ਼ਮੂਲੀਅਤ ਕੀਤੀ।ਬੈਠਕ ਦੇ ਵਿਸ਼ੇਸ਼ ਏਜੰਡੇ ਅਨੁਸਾਰ, ਲੇਖਿਕਾ ਗੁਲਸ਼ਨ ਦਿਆਲ ਦੀ ਵਾਰਤਕ ਪੁਸਤਕ, ’ਵਿਸ਼ਵ ਪਰਿਕਰਮਾ’ ਲੋਕ ਅਰਪਿਤ ਕੀਤੀ ਗਈ। ਬੈਠਕ ਦਾ ਆਰੰਭ ਕਰਦਿਆਂ, ਵਿਪਸਾ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਪ੍ਰਧਾਨਗੀ ਮੰਡਲ ਵਿਚ ਡਾ. ਗੁਰੂਮੇਲ ਸਿੱਧੂ, ਜਸਵੰਤ ਸ਼ੀਮਾਰ (ਪ੍ਰਧਾਨ ਪਸਸਕ) ਅਤੇ ਸੁਖਵਿੰਦਰ ਕੰਬੋਜ ਨੂੰ ਆਮੰਤ੍ਰਿਤ ਕਰਨ ਉਪਰੰਤ, ਪ੍ਰਧਾਨ ਸੁਰਿੰਦਰ ਸੀਰਤ ਨੇ ਪੁਹੰਚੇ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਮਹਿਮਾਨਾਂ ਦਾ ਸ਼ਾਬਦਿਕ ਸਵਾਗਤ ਕੀਤਾ।ਨਾਲ ਹੀ ਗੁਲਸ਼ਨ ਦਿਆਲ ਦੀ ਪੁਸਤਕ ਦੇ ਲੇਖ, 'ਮਾਤ ਭਾਸ਼ਾ ਵਿਚ ਪਰਿਵਾਰ ਦੀ ਭੂਮਿਕਾ’ ਨੂੰ ਮੁਖ ਰਖਦਿਆਂ ਇਸ ਨਿਸ਼ਕਰਸ਼ ਨਾਲ ਸਾਂਝ ਪਾਈ ਕਿ ਸਾਡੀ ਮਾਂ ਬੋਲੀ ਪੰਜਾਬੀ ਨੂੰ ਕਿਸੇ ਸਿਆਸੀ ਤਾਕਤ, ਵਿਓਪਾਰਕ ਪੰਜਾਬੀ ਅਨਸਰ ਜਾਂ ਇਸ ਬੋਲੀ ਵਿਰੁਧ ਸਾਜ਼ਸ਼ੀ ਸ਼ਕਤੀਆਂ ਤੋਂ ਏਨਾ ਖਤਰਾ ਨਹੀਂ ਜਿੰਨਾ ਕਿ ਖੁਦ ਪੰਜਾਬੀ-ਮਾਂ ਪਾਸੋਂ ਹੈ। ਹਰ ਉਹ ਮਾਂ ਜੋ ਆਪਣੇ ਬਚਿਆਂ ਨਾਲ ਪੰਜਾਬੀ ਵਿਚ ਗੱਲ ਕਰਨ ਦੇ ਬਜਾਏ ਹਿੰਦੀ, ਉਰਦੂ ਜਾਂ ਅੰਗ੍ਰੇਜ਼ੀ ਨੂੰ ਤਰਜੀਹ ਦੇ ਰਹੀ ਹੈ ਇਸ ਦੀ ਦੋਸ਼ੀ ਹੈ।

ਪੁਸਤਕ ਵਿਮੋਚਨ ਕਰਨ ਦੇ ਕ੍ਰਮ ਵਿਚ ਜਗਜੀਤ ਨੋਸ਼ਹਿਰਵੀ ਨੇ ਸੁਖਪਾਲ, ਸੰਘੇੜੇ ਦਾ ਲਿਖਿਆ ਪਰਚਾ ਪੜਿਆ। ਇਸ ਪਰਚੇ ਨੇ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਪੜਚੋਲਕ ਵਿਦੀ ਅਨੁਸਾਰ, ਆਲੋਚਨਾ ਦੇ ਖੇਤਰ ਵਿਚ ਇਕ ਨਵੀਂ ਪਿਰਤ ਪਾਈ ਹੈ। ਉਹਨਾਂ ਅਨੁਸਾਰ ਗੁਲਸ਼ਨ ਦਿਆਲ ਦੀ ਇਹ ਪੁਸਤਕ, "ਤ੍ਰੈ ਮੁਖੀ ਸਾਹਿਤਕ ਮਾਡਲ” ਤੇ ਅਧਾਰਤ ਹੈ ਜਿਸ ਅਨੁਸਾਰ ਲੇਖਕ ਸਥੂਲ, ਅਸਥੂਲ ਅਤੇ ਇਹਨਾਂ ਦੋਹਾਂ ਦੇ ਗਰ-ਭਅਰਥਾਂ ਤੀਕ, ਤੀਜੀ ਅੱਖ ਦੁਆਰਾ ਰਸਾਈ ਕਰ ਸਕਦਾ ਹੈ। ਗੁਲਸ਼ਨ ਦਿਆਲ ਅਜੇਹੇ ਲੇਖਕਾਂ ਵਿਚ ਸ਼ਾਮਲ ਹੋ ਨਿਬੜੀ ਹੈ।

ਅਗਲਾ ਪਰਚਾ, ਸੁਰਿੰਦਰ ਸੀਰਤ ਨੇ ਪ੍ਰਸਤੁਤ ਕੀਤਾ।ਇਹ ਡਾ. ਮੋਹਨ ਤਿਆਗੀ ਵਲੋਂ, ਪਟਿਆਲਾ, ਪੰਜਾਬ ਤੋਂ ਭੇਜਿਆ ਗਿਆ ਹੈ। ਉਹਨਾਂ ਅਨੁਸਾਰ, 'ਵਿਸ਼ਵ ਪਰਿਕਰਮਾ’ ਸਿਖਿਆ, ਸਾਹਿਤ, ਸਮਾਜ ਸ਼ਾਸਤਰ, ਮਨੁੱਖੀ ਮਨੋਵਿਗਿਆਨ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਇਕ ਮੁੱਲਵਾਨ ਦਸਤਾਵੇਜ਼ ਹੈ। ਪਰਚਿਆਂ ਤੋਂ ਬਾਅਦ, ਸੁਖਵਿੰਦਰ ਕੰਬੋਜ ਨੇ ਇਸ ਪੁਸਤਕ ਪ੍ਰਤੀ ਵਿਚਾਰ ਰਖਦਿਆਂ ਇਸ ਤੱਥ ਨੂੰ ਉਭਾਰਿਆ ਕਿ ਜੇ ਕਿਸੇ ਕੌਮ ਨੂੰ ਖ਼ਤਮ ਕਰਨਾ ਹੋਵੇ ਤਾਂ, ਇਕ-ਉਸ ਦਾ ਇੰਕਲਾਬੀ ਵਿਰਸਾ ਮਿਟਾ ਦਿਓ। ਦੂਜਾ- ਉਸ ਦੀ ਮਾਤ ਭਾਸ਼ਾ ਨੂੰ ਖ਼ਤਮ ਕਰੋ ਅਤੇ ਤੀਜਾ-ਉਸ ਦੀ ਯੂਵਾ ਪੀੜੀ ਨੂੰ ਨਸ਼ਿਆਂ ਵਲ ਧਕ ਕੇ ਭਾਂਜ ਵਲ ਤੋਰ ਦਿਓ, ਜਿਸ ਬਾਰੇ ਗੁਲਸ਼ਨ ਦਿਆਲ ਨੇ ਇਸ ਦਿਆਂ ਕੁਝ ਲੇਖਾਂ ਵਿਚ ਗੰਭੀਰਤਾ ਨਾਲ ਜ਼ਿਕਰ ਕੀਤਾ ਹੈ।ਉਸ ਦੀ ਵਾਰਤਕ ਸ਼ੈਲੀ ਵਿਚ ਇਹ ਇਕ ਸਲਾਹੁਣ ਯੋਗ ਪੁਸਤਕ ਹੈ। ਇਸ ਉਪਰੰਤ ਜਸਵੰਤ ਸ਼ੀਮਾਰ ਨੇ ਲੇਖਿਕਾ ਨੂੰ, ਉਸ ਵਲੋਂ ਇਕ ਸਫਲ ਪ੍ਰਯੋਗ ਲਈ ਮੁਬਾਰਕ ਦਿੱਤੀ।

ਗੁਲਸ਼ਨ ਦਿਆਲ ਨਾਲ ਰੂ-ਬ-ਰੂ ਹੋਣ ਤੋਂ ਪਹਿਲਾਂ, ਆਲੋਚਨਾਤਮਕ ਜਗਤ ਦੇ ਵਿਸ਼ੇਸ਼ ਵਿਅਕਤਿੱਤਵ ਡਾ. ਜਸਬੀਰ ਸਿੰਘ ਆਹਲੂਵਾਲੀਆ ਦੇ ਅਕਾਲ ਚਲਾਣਾ ਕਰ ਜਾਣ ਦੇ ਦੁਖ ਵਿਚ ਸ਼ਰੀਕ ਹੋ ਕੇ ਉਹਨਾਂ ਨੂੰ ਆਤਮਕ ਸ਼ਾਨਤੀ ਲਈ ਸ਼ਰਧਾਂਜਲੀ ਅਰਪਿਤ ਕੀਤੀ ਗਈ। ਗੁਲਸ਼ਨ ਦਿਆਲ ਨੇ ਲਾਜ ਨੀਲਮ ਸੈਣੀ, ਜਗਜੀਤ ਨੋਸ਼ਹਿਰਵੀ, ਅਵਤਾਰ ਗੋਦਾਰਾ, ਰੇਸ਼ਮ ਸਿੱਧੂ, ਰਵਿੰਦਰ ਡਿਲੋਂ ਆਦਿ ਦਾ ਜਿੱਥੇ ਰੂ-ਬ-ਰੂ ਵਿਚ ਭਾਗ ਲੈਣ ਲਈ ਅਤੇ ਡਾ. ਮੋਹਨ ਤਿਆਗੀ ਦਾ ਇਸ ਪੁਸਤਕ ਨੂੰ ਸੰਗ੍ਰਹਿ-ਬਦ ਕਰਨ ਲਈ ਧੰਵਾਦ ਕੀਤਾ। ਉਸ ਨੇ ਆਪਣੀ ਪਹਿਲੀ ਕਵਿਤਾ’ ਰੂਹ ਦੀ ਤਲਾਸ਼’ ਪੜ੍ਹ ਕੇ ਸੁਣਾਈ ਜਿਸ ਨੇ ਸਭਨਾਂ ਦੀ ਜਗਿਆਸਾ ਨੂੰ ਟੂੰਭਿਆ। ਇਸ ਨਾਲ ਹੀ ਵਿਪਸਾ ਵਲੋਂ ਗੁਲਸ਼ਨ ਦਿਆਲ ਨੂੰ ਸਨਮਾਨ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਅਖੀਰ ਵਿਚ ਡਾ. ਗੁਰੂਮੇਲ ਸਿੱਧੂ ਨੇ ਪ੍ਰਧਾਨਗੀ ਭਾਸ਼ਨ ਵਿਚ ਜਿੱਥੇ ਪਰਚਿਆਂ ਦੀ ਭਾਸ਼ਾ ਨੂੰ ਔਖਾ ਕਰਾਰ ਦਿੱਤਾ ਉੱਥੇ ਹੀ ਗੁਲਸ਼ਨ ਦਿਆਲ ਦੀ ਸਰਲ ਵਾਰਤਕ ਦੀ ਸ਼ਲਾਗਾ ਕੀਤੀ। ਇਸ ਸਾਰੇ ਪ੍ਰੋਗਰਾਮ ਨੂੰ ਲਾਜ ਨੀਲਮ ਸੈਣੀ ਨੇ ਬੂਹਤ ਰੋਚਿਕਤਾ, ਨਿਗਰਤਾ ਅਤੇ ਸੁਚੱਜਤਾ ਸਹਿਤ ਸੰਚਾਲਿਤ ਕੀਤਾ। ਸਤਾਰਾ ਟੀ ਵੀ ਨੇ ਇਸ ਸਾਰੇ ਪ੍ਰੋਗਰਾਮ ਨੂੰ ਰਿਕਾਰਡ ਕੀਤਾ ਅਤੇ ਗੋਲਡਨ ਇੰਡੀਆ ਕੁਜ਼ੀਨ ਨੇ ਮਹਿਮਾਨ ਨਵਾਜ਼ੀ ਵਿਚ ਗਰਮ ਜੋਸ਼ੀ ਦਰਸਾਈ। ਇਸ ਬੈਠਕ ਵਿਚ ਹੋਰ ਜਿੰਨਾਂ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਮਹਿਮਾਨਾ ਨੇ ਸ਼ਮੂਲੀਅਤ ਕੀਤੀ। ਉਹਨਾਂ ਵਿਚ ਅਮਰਜੀਤ ਪੁਨੂੰ, ਤਾਰਾ ਸਾਗਰ, ਡਾ. ਹਰਮੇਸ਼, ਹਰਨੇਕ ਸਿੰਘ, ਹਰਜਿੰਦਰ ਕੰਗ, ਗੁਰਦੀਪ ਸਿੰਘ, ਭੂਪਿੰਦਰ ਸਿੰਘ ਗਿੱਲ, ਵਕੀ.ਲ ਸਿੰਘ ਮੱਲੀ, ਹਰਭਜਨ ਸਿੰਘ ਢੇਰੀ, ਸੁਖਪਾਲ ਸੰਘੇੜਾ, ਇੰਦਰਜੀਤ ਸਿੰਘ ਧਰੀਕੇ, ਅਸ਼ੋਕ ਭੋਰਾ ਅਤੇ ਗੁਲਸ਼ਨ ਦਿਆਲ ਦਾ ਪਰਵਾਰ: ਗੁਰਪ੍ਰੀਤ ਸਿੰਘ ਦਿਆਲ, ਸੁਮਨ ਪਾਲ ਕੌਰ, ਸਤਵੰਤ ਕੌਰ ਦਿਆਕ, ਮੁਹਿੰਦਰ ਕੌਰ ਗਿਲ, ਜਸਵਿੰਦਰ ਕੌਰ ਦਿਆਲ ਅਤੇ ਸਰਬਜੀਤ ਸਿੰਘ ਗਿੱਲ ਵਿਸ਼ੇਸ਼ ਹਨ।

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਗੁਰੂ ਅਰਜੁਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਆਗਮਨ ਪੁਰਬ ਸਬੰਧੀ ਦਿਵਾਨ ਸਜਾਏ ਗਏ

## ਡਾ.ਅੰਬੇਡਕਰ ਜੀ ਦੇ ਜਨਮ ਦਿਹਾੜੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਗਏ, ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਆਗਮਨ ਪੁਰਬ 5 ਮਈ ਨੂੰ ਮਨਾਏ ਜਾਣਗੇ








ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ 28 ਅਪ੍ਰੈਲ ਐਤਵਾਰ ਨੂੰ ਸ਼੍ਰੀ ਗੁਰੂ ਅਰਜੁਨ ਦੇਵ ਜੀ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਆਗਮਨ ਪੁਰਬਾਂ ਨੂੰ ਸਮਰਪਿਤ ਦਿਵਾਨ ਸਜਾਏ ਗਏ। ਭਾਰਤ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਗੁਰੂਘਰ ਦੀ ਸਮੂੰਹ ਸਾਧ ਸੰਗਤਿ ਵਲੋਂ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਨ੍ਹਾਂ ਸਮਾਗਮਾਂ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ ਅਤੇ ਬਾਬਾ ਸਾਹਿਬ ਦੇ ਜੀਵਨ ਅਤੇ ਇਤਿਹਾਸ ਬਾਰੇ ਬੁਲਾਰਿਆਂ ਨੇ ਵਿਚਾਰ ਚਰਚਾ ਕੀਤੀ। ਦੇਸ਼ ਦੋਆਬਾ ਅਤੇ ਅੰਬੇਡਕਰ ਟਾਇਮਸ ਅਖ਼ਬਾਰ ਦੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਚੁੰਬਰ ਜੀ ਨੇ ਬਾਬਾ ਸਾਹਿਬ ਦੇ ਜਨਮ ਦਿਵਸ ਅਤੇ ਗੁਰੂ ਸਾਹਿਬਾਨ ਦੇ ਆਗਮਨ ਪੁਰਬਾਂ ਦੀਆਂ ਸਮੂੰਹ ਸੰਗਤਾਂ ਨੂੰ ਵਧਾਈਆਂ ਭੇਜੀਆਂ।

**ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮ:**



ਸਟੇਜ਼ ਸਕੱਤਰ ਸ੍ਰੀ ਬਲਜੀਤ ਸਿੰਘ ਨੇ ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 5 ਮਈ ਦਿਨ ਐਤਵਾਰ ਨੂੰ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਦਿਵਾਨ ਸਮੂੰਹ ਸਾਧਸੰਗਤਿ ਵਲੋਂ ਸਜਾਏ ਜਾਣਗੇ ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਨਗੇ। ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਾਹਿਤ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂਘਰ ਦੀਆਂ ਨਵੀਆਂ ਇਮਾਰਤਾ ਦੀ ਉਸਾਰੀ ਵਿੱਚ ਵੱਖ ਵੱਖ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ::

**ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ**
6221 16th Street
Rio Linda, CA-95673
ਗੁਰੂਘਰ ਫ਼ੋਨ (916) 992-1710
ਸ਼੍ਰੀ ਰਾਜ ਬੱਧਣ ਜੀ (916) 601-3842
ਸ਼੍ਰੀ ਤੇਜਪਾਲ ਵਿਰਕ ਜੀ (916) 912-5678
ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬਾਸੀ, ਸਹੋਤਾ, ਨਾਗਰਾ, ਸੰਧੂ, ਕੰਧੋਲਾ ਪਰਿਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ





**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਬਾਸੀ ਪਰਿਵਾਰ, ਸਹੋਤਾ ਪਰਿਵਾਰ, ਨਾਗਰਾ ਪਰਿਵਾਰ, ਸੰਧੂ ਪਰਿਵਾਰ, ਕੰਧੋਲਾ ਪਰਿਵਾਰਾਂ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ, ਹੋਲਾ ਮਹੱਲਾ, ਸ੍ਰੀ ਅਨੰਦ-ਪੁਰ ਸਾਹਿਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 26, 27, 28 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਗਏ, ਜਿਸ ਵਿਚ 26 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 28 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ



ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦਾ ਹਜ਼ੂਰੀ ਜਥਾ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਹਾਜ਼ਰੀ ਭਰੀ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੇਵਕ ਪਰਿਵਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਵਿਸਾਖੀ, ਖਾਲਸਾ ਸਾਜਨਾ ਦਿਵਸ ਤੇ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਫਰੀਮਾਂਟ (ਪ੍ਰਵਾਨਾ)-** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਵਿਸਾਖੀ ਤੇ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੋਸ਼ਨੀ ਪਾਈ ਗਈ। ਹਾਜ਼ਰ ਕਵੀਆਂ ਵੱਲੋਂ ਸਿੱਖ ਇਤਿਹਾਸ ਦੀਆਂ ਜੰਗਾਂ, ਬਹਾਦਰੀ ਦੀਆਂ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਜਿਸ ਵਿਚ ਠਾਕੁਰ ਸਿੰਘ ਫਰੀਮਾਂਟ, ਗੁਰਦਿਆਲ ਸਿੰਘ ਨੂਰਪੁਰੀ,



ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ ਆਦਿ ਸ਼ਾਮਲ ਸਨ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਭਾਈ ਹਰਮਿੰਦਰ ਸਿੰਘ, ਭਾਈ ਪਲਵਿੰਦਰ ਸਿੰਘ ਤੇ ਭਾਈ ਕਮਲਜੀਤ ਸਿੰਘ ਅਟਵਾਲ ਦਾ ਭਰਪੂਰ ਯੋਗਦਾਨ ਰਿਹਾ।


ਪ੍ਰਵਾਨਾ ਵੱਲੋਂ ਦ੍ਰਿੜ੍ਹ ਕਰਵਾਇਆ ਗਿਆ ਕਿ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਦੂਰ-ਦੁਰਾਡੇ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਣਗੇ।


## Matrimonial

ਰਵਿਦਾਸੀਆ ਭਾਈਚਾਰੇ ਨਾਲ ਸਬੰਧਤ ਇੰਡੀਆ ਵਿਚ ਜਨਮਿਆ ਲੜਕਾ, ਉਮਰ 29 ਸਾਲ, ਯੂ. ਐਸ. ਏ. ਸਿਟੀਜ਼ਨ, ਕੱਦ 8 ਫੁੱਟ 8 ਇੰਚ, ਯੂਨੀਵਰਸਿਟੀ ਆਫ ਕੈਲੇਫੋਰਨੀਆ ਤੋਂ ਬਾਇਓਲਾਜੀ, ਲੋਕਲ ਗੌਰਮਿੰਟ ਵਿਚ ਸਰਵਿਸ, ਬੇ-ਏਰੀਆ ਵਿਚ ਰਹਿੰਦੇ ਲੜਕੇ ਲਈ ਪੜ੍ਹੀ-ਲਿਖੀ ਅਮਰੀਕਾ ਵਿਚ ਰਹਿੰਦੀ ਲੜਕੀ ਦੀ ਲੋੜ ਹੈ। **ਸੰਪਰਕ ਕਰੋ ਫੋਨ ਜਾਂ ਵਟਸਅਪ : 510 862 5488**

ਦੇਸ਼ ਦੁਆਬਾ

# ਇਨਕਲਾਬੀ ਆਗੂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ






ਡਾ. ਜੀ. ਸੀ. ਕੌਲ
91-94632-23223

ਬਚਪਨ ਵਿਚ ਜਦੋਂ ਕਦੀ ਇਨਕਲਾਬੀ ਰਹਿਨੁਮਾ ਗੁਰੂ ਰਵਿਦਾਸ ਅਤੇ ਮਹਾਨ ਡਾ. ਅੰਬੇਡਕਰ ਦੇ ਸੰਘਰਸ਼ ਦਾ ਜ਼ਿਕਰ ਘਰ ਵਿਚ ਚੱਲਦਾ ਤਾਂ ਬਜ਼ੁਰਗਾਂ ਦੇ ਮੂੰਹੋਂ ਇਹ ਸ਼ਬਦ ਵੀ ਸੁਣਦਾ ਸਾਂ, 'ਬੱਲੇ, ਮੰਗੂ ਰਾਮ ਕਿਤੇ ਘਰ-ਘਰ ਜੰਮਣਾ, ਉਹਦੀਆਂ ਕੀ ਰੀਸਾਂ।' ਬਚਪਨ ਵਿਚ ਹੀ ਮੇਰੇ ਕੋਮਲ ਮਨ ਦੇ ਚਿੱਤਰ-ਪਟ 'ਤੇ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਵੱਲੋਂ ਪੰਜਾਬ ਦੇ ਦਲਿਤ ਵਰਗ ਲਈ ਕੀਤੇ ਸੰਘਰਸ਼ ਦੀਆਂ ਕਈ ਕਾਲਪਨਿਕ ਤਸਵੀਰਾਂ ਉਲੀਕੀਆਂ ਜਾਂਦੀਆਂ। ਦਿਲ ਵਿਚ ਸੱਧਰ ਜਾਗਦੀ, ਕਾਸ਼! ਇਹ ਮਹਾਨ ਵਿਅਕਤੀ ਸਾਡੇ ਜੀਵਨ ਵਿਚ ਹੁੰਦਾ। ਸਮਾਂ ਬੀਤਣ ਦੇ ਨਾਲ ਗੱਲ ਆਈ-ਗਈ ਹੋ ਜਾਂਦੀ।

1970 ਈ: ਵਿਚ ਜਲੰਧਰ ਤੋਂ ਵੀਕਲੀ 'ਰਵਿਦਾਸ ਪੱਤ੍ਰਿਕਾ' ਜਾਰੀ ਹੋਇਆ ਤਾਂ ਹੈਰਾਨੀ ਭਰੀ ਅਸਲੀਅਤ ਤੋਂ ਪਰਦਾ ਉਠਿਆ ਕਿ ਮੰਗੂ ਰਾਮ ਜਿਸ ਨੂੰ ਪਿਆਰ ਨਾਲ ਲੋਕ ਬਾਬੂ ਮੰਗੂ ਰਾਮ ਕਹਿੰਦੇ ਸਨ, ਹਾਲੇ ਜਿਉਂਦੇ ਹਨ। ਗੱਲ ਮੰਨਣ ਵਿਚ ਨਾ ਆਵੇ, ਘਰ ਵਿਚ ਜ਼ਿਕਰ ਚੱਲਿਆ ਤਾਂ ਇਸ ਗੱਲ ਨੂੰ ਕੋਈ ਮੰਨੇ ਹੀ ਨਾ। ਖੈਰ, ਕੁਝ ਅਰਸੇ ਬਾਅਦ ਇਹ ਹੈਰਾਨੀ ਹਕੀਕਤ ਵਿਚ ਬਦਲ ਗਈ ਜਦੋਂ 'ਰਵਿਦਾਸ ਪੱਤ੍ਰਿਕਾ' ਦੇ ਦਫਤਰ ਵਿਚ ਸ਼ਾਖਸਾਤ ਰੂਪ ਵਿਚ ਉਸ ਮਹਾਨ ਸ਼ਖਸੀਅਤ ਦੇ ਦਰਸ਼ਨ ਕੀਤੇ।

ਇਕ ਮਧਰੇ ਕੱਦ ਦਾ, ਗੋਰਾ-ਚਿੱਟਾ, ਵਧੇਰੇ ਉਮਰ ਪਰ ਚੰਗੀ ਸਿਹਤ ਵਾਲਾ, ਸਿਰ ਉਪਰ ਉਨ ਵਾਲੀ ਕਸ਼ਮੀਰੀ ਟੋਪੀ ਅਤੇ ਬੰਦ ਗਲੇ ਵਾਲਾ ਕੋਟ ਪਾਈ ਆਕਰਸ਼ਕ ਵਿਅਕਤੀਤਵ ਦਾ ਮਾਲਕ- ਬਾਬੂ ਮੰਗੂ ਰਾਮ ਮੁੱਗੋਵਾਲੀਆ 'ਰਵਿਦਾਸ ਪੱਤ੍ਰਿਕਾ' ਉਪਰ ਬਿਰਾਜਮਾਨ ਸੀ। ਪਰ ਮੈਨੂੰ ਯਕੀਨ ਫਿਰ ਵੀ ਨਹੀਂ ਸੀ ਆ ਰਿਹਾ ਕਿ ਇਹ ਉਹੋ ਮੰਗੂ ਰਾਮ ਹੈ ਜੋ ਮੇਰੇ ਬਚਪਨ ਦੀਆਂ ਯਾਦਾਂ ਦੇ ਬੇਤਾਜ਼ ਬਾਦਸ਼ਾਹ ਸੀ। ਉਸ ਨੂੰ ਮਿਲ ਕੇ, ਉਸ ਦਾ ਦੀਦਾਰ ਕਰਕੇ ਐਨਾ ਚਾਅ ਸੀ, ਕਲਮ ਬਿਆਨ ਕਰਨ ਤੋਂ ਅਸਮਰੱਥ ਹੈ। ਕਈ ਵਾਰੀ ਇਹ ਪਹਿਲੀ ਮਿਲਣੀ ਇਕ ਫਿਲਮ ਦੀ ਰੀਲ ਲੱਗਦੀ ਪਰ, ਨਹੀਂ, ਸੱਚਮੁਚ ਹੀ ਬਾਬੂ ਮੰਗੂ ਰਾਮ ਮੇਰੇ ਸਾਹਮਣੇ ਸਨ ਅਤੇ ਬੜੀ ਧੀਮੀ ਆਵਾਜ਼ ਵਿਚ ਮੇਰੇ ਸੁਆਲਾਂ ਦੇ ਜੁਆਬ ਦੇ ਰਹੇ ਸਨ। ਲੱਗਭੱਗ 85 ਸਾਲ ਦੀ ਉਮਰ ਵਿਚ ਵੀ ਉਹਨਾਂ ਦੀਆਂ ਅੱਖਾਂ ਦਲਿਤ ਲੋਕਾਂ ਦੇ ਰੌਸ਼ਨ ਭਵਿੱਖ ਦੀਆਂ ਆਸ਼ਾਵਾਂ ਨਾਲ ਚਮਕ ਰਹੀਆਂ ਸਨ।

ਇਸ ਤੋਂ ਬਾਅਦ ਬਾਊ ਜੀ ਨੂੰ ਕਈ ਵਾਰ ਮਿਲਣ ਅਤੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਅਵਸਰ ਮਿਲਿਆ। ਉਹਨਾਂ ਦਾ ਜੀਵਨ ਕਹਾਣੀ ਅਤੇ ਉਹਨਾਂ ਵੱਲੋਂ ਆਰੰਭਿਆ ਘੋਲ ਜਿੱਥੇ ਅੱਜ ਵੀ ਮੈਨੂੰ ਜੀਵਨ ਵਿਚ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਹੈ, ਉਥੇ ਬਾਊ ਜੀ ਨੂੰ ਗੁੰਮਨਾਮੀ ਭਰਿਆ ਜੀਵਨ ਬਤੀਤ ਕਰਨ ਲਈ ਬੇਵੱਸ ਕਰਨ ਵਾਲੇ ਕੁਝ ਇਕ ਸਵਾਰਥੀ ਲੋਕਾਂ ਦੀਆਂ ਲੂੰਬੜ-ਚਾਲਾਂ ਨੂੰ ਨੰਗਿਆਂ ਕਰਨ ਲਈ ਵੀ ਮੇਰੀ ਕਲਮ ਬਹਿਬਲ ਹੋ ਰਹੀ ਹੈ- ਪਰ ਇਸ ਲੇਖ ਰਾਹੀਂ ਉਨ੍ਹਾ ਖੁਦਗਰਜ਼, ਕੁਰਸੀ ਦੇ ਭੁੱਖੇ ਚੌਧਰੀਆਂ ਦਾ ਭਾਂਡਾ ਭੰਨਣਾ ਸਾਡਾ ਉਪਦੇਸ਼ ਨਹੀਂ ਹੈ।




1925 ਈ: ਵਿਚ ਅਮਰੀਕਾ ਤੋਂ ਵਾਪਸ ਆ ਕੇ ਉਹਨਾਂ ਨੇ ਪੰਜਾਬ ਦੇ ਦਲਿਤ ਵਰਗ ਨੂੰ ਆਦਿ ਧਰਮ ਮੰਡਲ, ਪੰਜਾਬ ਦੇ ਝੰਡੇ ਹੇਠ ਸੰਗਠਿਤ ਕਰਨ ਦਾ ਅਤਿ-ਕਠਿਨ ਕੰਮ ਸ਼ੁਰੂ ਕੀਤਾ। ਬਾਊ ਜੀ ਨੇ ਅਣਥੱਕ ਯਤਨਾਂ ਨਾਲ ਆਪਣੇ ਬਹੁਤ ਸਾਰੇ ਸੁਚੱਜੇ, ਸੂਝਵਾਨ ਅਤੇ ਦੂਰ-ਅੰਦੇਸ਼ ਸਾਥੀਆਂ ਨਾਲ ਮਿਲ ਕੇ ਪੰਜਾਬ ਦੇ ਦਲਿਤਾਂ ਵਿਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕ ਅਜਿਹੀ ਚਿਣਗ ਬਾਲੀ ਜੋ ਅੱਗ ਦਾ ਭਾਂਬੜ ਬਣ ਗਈ। ਜਿੱਥੇ ਆਦਿ ਧਰਮ ਮੰਡਲ ਦੇ ਆਗੂ ਪੰਜਾਬ ਵਿਚ ਦਲਿਤ ਵਰਗ ਦੀ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਅਵਸਥਾ ਬਦਲਣ ਲਈ ਸੰਘਰਸ਼ਸ਼ੀਲ ਸਨ, ਉਥੇ ਉਹ ਦਲਿਤਾਂ ਦੇ ਮਸੀਹਾ ਮਹਾਨ ਡਾ: ਅੰਬੇਡਕਰ ਦੇ ਸੰਘਰਸ਼ ਭਰੇ ਘੋਲ ਵਿਚ ਵੀ ਪੂਰਾ ਸਹਿਯੋਗ ਦੇ ਰਹੇ ਸਨ।

ਆਦਿ ਧਰਮ ਮੰਡਲ, ਪੰਜਾਬ ਦੀ ਅਗਰਗਾਮੀ ਵਿਚਾਰਧਾਰਾ ਜਾਣਨ ਲਈ ਇਸ ਸੰਸਥਾ ਵੱਲੋਂ 1931 ਵਿਚ ਜਾਰੀ ਕੀਤੀ ਗਈ ਪਹਿਲੀ ਰਿਪੋਰਟ ਦੀਆਂ ਹੇਠ ਲਿਖੀਆਂ ਕੁਝ ਧਾਰਾਵਾਂ ਵਰਣਨਯੋਗ ਹਨ-

(ੳ) ਇਹ ਜਨ-ਸਭਾ ਸਰਬਸੰਮਤੀ ਨਾਲ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਅਛੂਤਾਂ ਦੀ ਹਿੰਦੂ ਧਰਮ ਜਾਂ ਹਿੰਦੂ ਆਬਾਦੀ ਵਿਚ ਗਿਣਤੀ ਨਾ ਕੀਤੀ ਜਾਵੇ, ਸਗੋਂ ਉਹਨਾਂ ਨੂੰ ਆਦਿ-ਧਰਮ ਮਜ਼ਹਬ ਵਿਚ ਗਿਣਿਆ ਜਾਵੇ। ਅਸੀਂ ਨਾ ਹਿੰਦੂ ਹਾਂ ਅਤੇ ਨਾ ਹੀ ਹਿੰਦੂ ਸਾਡੇ ਵਿਚੋਂ ਹਨ।

(ਅ) ਇਹ ਜਨ-ਸਭਾ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਜਿਹਨਾਂ ਸ਼ਾਸਤਰਾਂ ਅਰਥਾਤ ਮਨੂ-ਸਿਮਰਤੀਆਂ ਆਦਿ ਵਿਚ ਅਛੂਤਾਂ ਨੂੰ ਦਾਸ ਬਣਾ ਕੇ ਰੱਖਣ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਜਿਹਨਾਂ ਵਿਚ ਅਛੂਤਾਂ ਨੂੰ ਉਨਤ ਹੋਣ ਤੋਂ ਰੋਕਿਆ ਗਿਆ ਹੈ, ਉਹਨਾਂ ਉਪਰ ਕਾਨੂੰਨੀ ਪ੍ਰਤੀਬੰਧ ਲਾਇਆ ਜਾਵੇ।

(ੲ) ਆਦਿ ਧਰਮ ਵਿਚ ਲੜਕੇ ਅਤੇ ਲੜਕੀ ਦਾ ਪਰਿਵਾਰਕ ਜਾਇਦਾਦ ਵਿਚ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ।

(ਸ) ਜਾਤ-ਪਾਤ ਤਿਆਗ ਕੇ ਸਮੁੱਚੇ ਆਦਿ-ਧਰਮੀ ਆਪਸ ਵਿਚ ਸਹਿਯੋਗ ਕਰਕੇ ਆਪਸੀ ਏਕਤਾ, ਤਾਕਤ ਅਤੇ ਪ੍ਰੇਮ ਪਿਆਰ ਵਿਚ ਵਾਧਾ ਕਰਨਾ।

(ਹ) ਮੂਰਤੀ ਪੂਜਾ ਦਾ ਤਿਆਗ ਕਰੋ। ਜਾਦੂ-ਟੂਣਿਆਂ, ਵਹਿਮਾਂ ਭਰਮਾਂ ਅਤੇ ਭੂਤਾਂ-ਪ੍ਰੇਤਾਂ ਤੇ ਹਰ ਪ੍ਰਕਾਰ ਦੇ ਪਾਖੰਡਾਂ ਤੋਂ ਦੂਰ ਰਹੋ।

ਉਪਰੋਕਤ ਪ੍ਰਸਤਾਵਾਂ ਨੂੰ ਵਾਚ ਕੇ ਇਹ ਪਤਾ ਲੱਗਦਾ ਹੈ ਕਿ ਜੋ ਬੁਰਾਈਆਂ ਅੱਜ ਵੀ ਸਾਡੇ ਸਮਾਜ ਵਿਚ ਪ੍ਰਚੱਲਿਤ ਹਨ, ਉਹਨਾਂ ਨੂੰ ਦੂਰ ਕਰਨ ਲਈ ਅੱਜ ਤੋਂ ਲੱਗਭੱਗ 90 ਸਾਲ ਪਹਿਲਾਂ ਸੋਚਣਾ ਕਿੰਨੀ ਦੂਰ-ਅੰਦੇਸ਼ੀ ਅਤੇ ਸਮਾਜਿਕ ਉਥਾਨ ਵਾਲੀ ਗੱਲ ਸੀ।

ਮਹਾਨ ਡਾ: ਅੰਬੇਡਕਰ ਦੀ ਰਹਿਨੁਮਾਈ ਹੇਠ ਆਦਿ ਧਰਮ ਮੰਡਲ, ਪੰਜਾਬ ਨੇ ਭਾਰਤ ਦੀ ਅੰਗਰੇਜ਼ੀ ਹਕੂਮਤ ਨੂੰ ਇਸ ਵਿਚਾਰਧਾਰਾ ਨਾਲ ਸਹਿਮਤ ਕੀਤਾ ਕਿ ਅਸੀਂ ਸਦੀਆਂ ਤੋਂ ਮਿੱਧੇ-ਕੁਚਲੇ ਕਰੋੜਾਂ ਦਲਿਤ ਲੋਕ ਹਿੰਦੂ ਨਹੀਂ, ਬਾਹਰੋਂ ਆਏ ਆਰੀਏ ਨਹੀਂ, ਸਗੋਂ ਭਾਰਤ ਦੇ ਆਦਿ ਵਾਸੀ ਹਾਂ ਅਤੇ ਆਦਿ ਧਰਮ ਸਾਡਾ ਮਜ਼ਹਬ ਹੈ। 1931 ਈ: ਵਿਚ ਬਾਊ ਜੀ ਦੀ ਜੱਦੋ-ਜਹਿਦ ਨਾਲ ਹੀ ਪੰਜਾਬ ਵਿਚ ਆਦਿ ਧਰਮ ਨੂੰ ਇਕ ਵੱਖਰੇ ਧਰਮ ਵਜੋਂ ਮਾਨਤਾ ਮਿਲੀ। ਉਹਨਾਂ ਦੀ ਇਹ ਪ੍ਰਾਪਤੀ ਕੋਈ ਸਾਧਾਰਨ ਤੇ ਮਾਮੂਲੀ ਪ੍ਰਾਪਤੀ ਨਹੀਂ ਸੀ। 1932 ਈ: ਵਿਚ ਬਾਬਾ ਸਾਹਿਬ ਡਾ: ਅੰਬੇਡਕਰ ਅਤੇ ਸ੍ਰੀ ਗਾਂਧੀ ਵਿਚਕਾਰ ਹੋਏ ਪੂਨਾ ਪੈਕਨ ਦੇ ਤਹਿਤ 1936-37 ਵਿਚ ਭਾਰਤ ਵਿਚ ਹੋਈਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਪੰਜਾਬ ਪ੍ਰਾਂਤ ਵਿਚ ਦਲਿਤਾਂ ਲਈ 8 ਸੀਟਾਂ ਰਿਜ਼ਰਵ ਕੀਤੀਆਂ ਗਈਆਂ। ਇਨ੍ਹਾਂ 8 ਸੀਟਾਂ ਵਿਚੋਂ 7 ਸੀਟਾਂ 'ਤੇ ਆਦਿ ਧਰਮ ਮੰਡਲ ਦੇ ਨੁਮਾਇੰਦੇ ਪੰਜਾਬ ਵਿਧਾਨ ਸਭਾ, ਲਾਹੌਰ ਲਈ ਚੁਣੇ ਗਏ। ਬਾਬਾ ਸਾਹਿਬ ਦੇ ਸਹਿਯੋਗ ਨਾਲ ਆਦਿ ਧਰਮ ਮੰਡਲ ਦੇ ਬਾਨੀ ਦੀ ਇਹ ਇਕ ਮਹਾਨ ਜਿੱਤ ਸੀ।

ਬਾਬੂ ਜੀ ਨੇ ਜਲੰਧਰ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ ਅਤੇ ਇੱਥੇ ਹੀ ਉਨ੍ਹਾ ਨੇ ਬੜੀਆਂ ਬੋਝਲ ਆਰਥਿਕ ਕਠਿਨਾਈਆਂ ਦੇ ਬਾਵਜੂਦ ਸੇਠ ਕਿਸ਼ਨ ਦਾਸ, ਬੂਟਾ ਮੰਡੀ ਜਲੰਧਰ ਦੇ ਸਹਿਯੋਗ ਨਾਲ ਆਦਿ-ਧਰਮ ਮੰਡਲ, ਪੰਜਬ ਦੇ ਨਾਂ ਅਧੀਨ ਜਗ੍ਹਾ ਖਰੀਦ ਕੇ ਸੰਸਥਾ ਦਾ ਕੇਂਦਰੀ ਦਫਤਰ ਕਾਇਮ ਕੀਤਾ। ਪਰ ਕੁਝ ਚਾਲਾਕ ਤੇ ਸਵਾਰਥੀ ਸਿਆਸਤਦਾਨਾਂ ਨੇ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਪ੍ਰਾਪਤ ਕਰਕੇ, ਨਿੱਜੀ ਚੌਧਰ ਲਈ, ਪੰਜਾਬ ਭਰ ਵਿਚ ਇਸ ਸੰਸਥਾ ਅਧੀਨ ਸੰਗਠਿਤ ਹੋ ਰਹੇ ਦਲਿਤ ਲੋਕਾਂ ਨਾਲ ਗੱਦਾਰੀ ਕੀਤੀ, ਸੰਸਥਾ ਦੀ ਪਿੱਠ ਵਿਚ ਛੁਰਾ ਮਾਰਿਆ, ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਗੁੰਮ-ਨਾਮੀ ਵਾਲਾ ਜੀਵਨ ਜਿਊਣ ਲਈ ਮਜਬੂਰ ਕੀਤਾ ਅਤੇ ਨਵੀਂ ਪੀੜ੍ਹੀ ਦੇ ਲੋਕਾਂ ਨੂੰ ਆਦਿ ਧਰਮ ਮੰਡਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਤੋਂ ਦੂਰ ਰੱਖਣ ਲਈ ਇਹ ਪ੍ਰਚਾਰ ਵੀ ਕਰਵਾਇਆ ਕਿ ਬਾਬੂ ਮੰਗੂ ਰਾਮ ਤਾਂ ਚੜ੍ਹਾਈ ਕਰ ਗਿਆ ਹੈ। ਸਿੱਟੇ ਵਜੋਂ ਹੌਲੀ-ਹੌਲੀ ਲੋਕ ਇਸ ਮਹਾਨ ਯੋਧੇ ਦੀਆਂ ਕੁਰਬਾਨੀਆਂ ਭੁੱਲ ਗਏ।

ਪਰ 1970 ਈ: ਵਿਚ ਜਲੰਧਰ ਤੋਂ ਵੀਕਲੀ 'ਰਵਿਦਾਸ ਪੱਤ੍ਰਿਕਾ' ਜਾਰੀ ਹੋਇਆ ਤਾਂ ਬਾਊ ਜੀ ਇਕ ਵਾਰ ਫਿਰ ਮੌਤ ਵਰਗੀ ਗੁੰਮਨਾਮੀ 'ਚੋਂ ਬਾਹਰ ਆਏ। 'ਰਵਿਦਾਸ ਪੱਤ੍ਰਿਕਾ' ਦੇ ਐਡੀਟਰ ਹੋਣ ਦੇ ਨਾਤੇ ਮੈਨੂੰ ਉਹਨਾਂ ਨਾਲ ਕਈ ਵਾਰ ਵਿਚਾਰ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ- ਅੱਜ ਜਦੋਂ ਮੈਂ ਉਹਨਾਂ ਨਾਲ ਮਿਲਾਪ ਦੀਆਂ ਯਾਦਾਂ ਨੂੰ ਫਰੋਲਦਾ ਹਾਂ ਤਾਂ ਦੇਖਦਾ ਹਾਂ ਕਿ ਆਖਰੀ ਸਮੇਂ ਤੱਕ ਵੀ ਦਲਿਤਾਂ ਨੂੰ ਸੰਗਠਿਤ ਕਰਨ ਲਈ ਉਹਨਾਂ ਦੇ ਮਨ ਵਿਚ ਕਿੰਨੀ ਲਗਨ ਸੀ, ਕਿੰਨੀ ਤੜਪ ਸੀ, ਕਿੰਨੀ ਤੀਬਰ-ਇੱਛਾ ਸੀ ਕਿ ਅਸੀਂ ਸਾਰੇਇਕ ਝੰਡੇ ਥੱਲੇ ਇਕੱਠੇ ਹੋ ਜਾਈਏ। ਮੈਨੂੰ ਯਾਦ ਹੈ ਕਿ 14 ਅਪ੍ਰੈਲ 1974 ਈ: ਨੂੰ ਜਦੋਂ ਸ੍ਰੀ ਮੰਗੂ ਰਾਮ 'ਜਸਪਾਲ' (ਚੀਫ ਐਡੀਟਰ, ਰਵਿਦਾਸ ਪੱਤ੍ਰਿਕਾ) ਨਾਲ ਮੈਂ ਉਹਨਾਂ ਨੂੰ ਗੜ੍ਹਸ਼ੰਕਰ ਵਿਖੇ ਉਹਨਾਂ ਦੀ ਸਿਹਤਯਾਬੀ ਲਈ ਪਤਾ ਕਰਨ ਲਈ ਗਿਆ ਤਾਂ ਆਪਣੀ ਬਿਮਾਰੀ ਬਾਰੇ ਦੋ-ਚਾਰ ਮਿੰਟ ਗੱਲ ਕਰਨ ਤੋਂ ਬਾਅਦ ਉਹ ਮੇਰੇ ਨਾਲ ਆਦਿ-ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਨੂੰ ਪੁਨਰ-ਸੁਰਜੀਤ ਕਰਨ ਬਾਰੇ ਹੀ ਵਿਚਾਰ-ਵਟਾਂਦਰਾ ਕਰਦੇ ਰਹੇ ਅਤੇ ਫਿਰ 23 ਅਪ੍ਰੈਲ 1974 ਨੂੰ ਉਹਨਾਂ ਦਾ ਬਿਆਨ 'ਅਪੀਲ ਅਤੇ ਐਲਾਨ' ਸਿਰਲੇਖ ਹੇਠ 'ਰਵਿਦਾਸ ਪੱਤ੍ਰਿਕਾ' ਵਿਚ ਛਪਿਆ, ਜਿਸ ਵਿਚ ਉਹਨਾਂ ਨੇ ਇਸ ਸੰਸਥਾ ਦੀ ਪੰਜਾਬ ਪੱਧਰ ਦੀ ਐਡਹਾਕ ਕਮੇਟੀ ਕਾਇਮ ਕਰਕੇ ਨਵੇਂ ਸਿਰਿਉਂ ਇਸ ਨੂੰ ਜਥੇਬੰਦ ਕਰਨ ਦਾ ਉਪਰਾਲਾ ਸ਼ੁਰੂ ਕੀਤਾ।

1975 ਵਿਚ ਆਦਿ-ਧਰਮ ਮੰਡਲ ਦੀ 50ਵੀਂ ਵਰ੍ਹੇਗੰਢ ਉਪਰ ਪ੍ਰਕਾਸ਼ਿਤ ਕੀਤੇ ਗਏ ਇਕ ਸੋਵੀਨਰ ਲਈ, ਵੱਡੇ-ਵੱਡੇ ਸਿਆਸੀ ਆਗੂਆਂ ਵੱਲੋਂ ਮੰਗਵਾਏ ਗਏ ਸੰਦੇਸ਼ਾਂ ਰਾਹੀਂ ਇਕ ਵਾਰ ਫਿਰ ਬਾਊ ਜੀ ਨੂੰ 'ਚੜ੍ਹਾਈ' ਕਰ ਗਿਆ ਘੋਸ਼ਿਤ ਕੀਤਾ, ਹਾਲਾਂਕਿ ਜਿਸ ਸਮਾਗਮ 'ਤੇ ਇਹ ਸੋਵੀਨਰ ਰਿਲੀਜ਼ ਕੀਤਾ ਗਿਆ, ਉਥੇ ਖੁਦ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਵੀ ਮੌਜੂਦ ਸਨ। ਮੈਨੂੰ ਇਸ ਗੱਲ ਦਾ ਵੀ ਵਿਸ਼ੇਸ਼ ਦੁੱਖ ਹੈ ਕਿ 1980 ਈ: ਵਿਚ ਬਾਬੂ ਜੀ ਦੀ ਅੰਤਿਮ ਸ਼ੋਕ ਸਭਾ 'ਤੇ ਵਿਸ਼ੇਸ਼ ਸੱਦਾ-ਪੱਤਰ ਭੇਜੇ ਜਾਣ ਦੇ ਬਾਵਜੂਦ ਵੀ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਹਾਸਲ ਕਰਨ ਵਾਲਿਆਂ ਵਿਚੋਂ ਕੋਈ ਵੀ ਘੜੰਮ ਚੌਧਰੀ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਉਨ੍ਹਾਂ ਦੇ ਨਿਵਾਸ-ਸਥਾਨ, ਗੜ੍ਹਸ਼ੰਕਰ ਵਿਖੇ ਨਹੀਂ ਪਹੁੰਚਿਆ।



Bharat Rattan Babasaheb Dr Ambedkar & Great Ghadri Baba Babu Mangu Muggowalia pictures presented to Shri Guru Ravidass Temple Yuba City & Sacramento by Prem Kumar Chumber Editor of Ambedkar Times & Desh Doaba weekly Newspapers

ਪਰ ਮੈਨੂੰ ਇਸ ਗੱਲ ਦੀ ਤਸੱਲੀ ਅੱਜ ਇਹ ਹੈ ਕਿ ਬਾਬੂ ਜੀ ਦੀਆਂ ਪ੍ਰਾਪਤੀਆਂ ਨੂੰ ਪੁਨਰ ਸੁਰਜੀਤ ਕਰਨ ਦੇ ਮਹਾਨ ਉਪਰਾਲੇ ਕੀਤੇ ਜਾ ਰਹੇ ਹਨ। ਮੈਂ ਉਸ ਮਹਾਨ ਯੋਧੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ 11, 12 ਜੂਨ 'ਤੇ ਲੱਖ-ਲੱਖ ਪ੍ਰਣਾਮ ਕਰਦਾ ਹਾਂ।

www.deshdoaba.com
www.ambedkartimes.com

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਦੀ ਹੋਈ ਮੀਟਿੰਗ

**ਫਗਵਾੜਾ (ਬੀ.ਕੇ.ਰੱਤੂ)–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਇਤਿਹਾਸਕ ਧਰਤੀ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਜੀ. ਟੀ. ਰੋਡ ਚੱਕ ਹਕੀਮ ਵਿਖੇ ਪ੍ਰਧਾਨ ਐਡਵੋਕੇਟ ਸ਼ਰਧਾ ਰਾਮ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਈ ਜਿਸ ਵਿੱਚ ਮੰਦਿਰ ਵਿਖੇ ਉਸਾਰੀ ਅਧੀਨ ਵਿਸ਼ਾਲ ਦਰਸਨੀ ਡਿਓੜੀ, ਵਿਸ਼ਾਲ ਦੀਵਾਨ ਹਾਲ ਦੀ ਉਸਾਰੀ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਪ੍ਰਧਾਨ ਐਡਵੋਕੇਟ ਸ਼ਰਧਾ ਰਾਮ ਅਤੇ ਉੱਪ ਪ੍ਰਧਾਨ ਦਵਿੰਦਰ ਕੁਲਥਮ ਨੇ ਕਿਹਾ ਕਿ ਇਹ ਉਸਾਰੀ ਦੇ ਕਾਰਜ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਚੱਲ ਦੇ ਹਨ। ਇਹ ਪ੍ਰੋਜੈਕਟਾਂ ਤੇ ਲੱਖਾਂ ਰੁਪਏ ਦੀ ਲਾਗਤ ਆ ਰਹੀ ਹੈ। ਇਹ ਸਭ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ। ਅਸੀਂ ਸਮੂਹ ਪ੍ਰਬੰਧਕ ਕਮੇਟੀ ਮੈਂਬਰ ਆਪ ਸਭ ਸੰਗਤਾਂ ਨੂੰ ਵੱਧ ਤੋਂ ਵੱਧ ਤਨ ਮਨ ਧਨ ਦੇ ਸਹਿਯੋਗ ਦੀ ਅਪੀਲ ਕਰਦੇ ਹਾਂ। ਤਾਂ ਜੋ ਇਨ੍ਹਾਂ ਉਸਾਰੀ ਦੇ ਕਾਰਜਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾ ਸਕੇ। ਅਤੇ ਨਾਲ ਹੀ ਦੱਸਿਆ ਕਿ ਨਵੇਂ ਸਥਾਨ ਤੇ ਨਿਸ਼ਾਨ ਸਾਹਿਬ ਦੀ ਉਸਾਰੀ ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਸੁਰੂ ਕੀਤੀ ਜਾ ਰਹੀ ਹੈ।ਇਸ ਦੇ ਨਾਲ - ਨਾਲ ਮੰਦਿਰ ਵਿਖੇ ਚੱਲ ਰਹੇ ਹੋਰ ਕਾਰਜਾਂ ਨੂੰ ਵੀ ਮੰਦਿਰ ਵਿਖੇ ਕਰਵਾਏ ਜਾਣ ਵਾਲੇ ਸਾਲਾਨਾ ਇਤਿਹਾਸਕ ਜੋੜ ਮੇਲਾ ਹਾੜ ਦੀ ਸੰਗਰਾਂਦ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇਗਾ।



ਇਸ ਮੌਕੇ ਪ੍ਰਧਾਨ ਐਡਵੋਕੇਟ ਸ਼ਰਧਾ ਰਾਮ, ਉੱਪ ਪ੍ਰਧਾਨ ਦਵਿੰਦਰ ਕੁਲਥਮ, ਜਨਰਲ ਸਕੱਤਰ ਅਸ਼ੋਕ ਭਾਟੀਆ, ਖਜਾਨਚੀ ਜਗਨ ਨਾਥ ਕੈਲੇ, ਪ੍ਰਚਾਰ ਸਕੱਤਰ ਸੀਟੂ ਬਾਈ, ਮੈਬਰ ਕਿਸ਼ਨ ਦਾਸ ਛਿੰਦੀ, ਹੁਕਮ ਚੰਦ, ਯਸ਼ ਬਰਨਾ, ਰਜਿੰਦਰ ਕੁਮਾਰ ਗੁਰਬਚਨਾ ਰਾਮ ਆਦਿ ਹਾਜ਼ਰ ਸਨ।

# ਪ੍ਰੇਮਪੁਰਾ ਵਿਖੇ ਸ਼ਰਧਾ ਪੂਰਵਕ ਮਨਾਇਆ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਦਾ 128ਵਾਂ ਜਨਮ ਦਿਵਸ

**ਫਗਵਾੜਾ (ਬੀ.ਕੇ.ਰੱਤੂ)–** ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਮੁਹੱਲਾ ਪ੍ਰੇਮਪੁਰਾ ਵਲੋਂ ਸਮੂਹ ਇਲਾਕਾ ਨਿਵਾਸੀ ਸੰਗਤ ਅਤੇ ਐਨ.ਆਰ.ਆਈਜ਼ ਵੀਰਾਂ ਦੇ ਸਹਿਯੋਗ ਨਾਲ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦਾ 128ਵਾਂ ਜਨਮ ਦਿਵਸ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਸਮਾਗਮ ਦਾ ਸ਼ੁੱਭ ਆਰੰਭ ਸ੍ਰੀਮਤੀ ਸੋਮਕਾਂਤ ਵਲੋਂ ਸ਼ਮਾ ਰੋਸ਼ਨ ਕਰਕੇ ਅੰਬੇਡਕਰ ਸੈਨਾ ਮੂਲ ਨਿਵਾਸੀ, ਮਿਸ਼ਨਰੀ ਗੀਤਕਾਰ ਸੰਜੀਵ ਭੁੱਲਾਰਾਈ ਨੇ ਬਾਬਾ ਸਾਹਿਬ ਦੇ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਸੰਵਿਧਾਨ ਦੀ ਰੱਖਿਆ ਅਤੇ ਬਾਬਾ ਸਾਹਿਬ ਦੇ ਸੁਪਨਿਆਂ ਦੀ ਸਰਕਾਰ ਬਨਾਉਣ ਦਾ ਸੱਦਾ ਦਿੱਤਾ। ਸਮਾਗਮ ਦੌਰਾਨ ਪਰਵਾਜ ਰੰਗ ਮੰਚ ਵਲੋਂ ਨਾਟਕ ਅਤੇ ਕੋਰੀਓਗ੍ਰਾਫੀ ਰਾਹੀਂ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਤੋਂ ਇਲਾਵਾ



ਕੀਤਾ ਗਿਆ। ਇਸ ਮੌਕੇ ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਨੂੰ ਆਪਣੇ ਗੀਤਾਂ ਰਾਹੀਂ ਪੇਸ਼ ਕੀਤਾ ਅਤੇ ਭੈਣ ਕੁਮਾਰੀ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਨਾਉਣ ਦਾ ਹੋਕਾ ਦਿੱਤਾ। ਇਸ ਤੋਂ ਇਲਾਵਾ ਮਿਸ਼ਨਰੀ ਗਾਇਕ ਪੰਮਾ ਸੁੰਨੜ ਨੇ ਆਪਣੇ ਮਿਸ਼ਨਰੀ ਗੀਤ 'ਸਵਰਗਾਂ ਦੇ ਦਰ' ਸੁਣਾ ਕੇ ਖੂਬ ਵਾਹਵਾਹੀ ਖੱਟੀ। ਇਸ ਸਮਾਗਮ ਵਿਚ ਹਲਕਾ ਲੋਕਸਭਾ ਹੁਸ਼ਿਆਰਪੁਰ ਤੋਂ ਬਸਪਾ ਅਤੇ ਪੀ.ਡੀ.ਏ. ਦੇ ਸਾਂਝੇ ਉਮੀਦਵਾਰ ਚੌਧਰੀ ਖੁਸ਼ੀ ਰਾਮ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਹਨਾਂ ਸਮੂਹ ਹਾਜਰੀਨ ਨੂੰ ਬਾਬਾ ਸਾਹਿਬ ਦੇ ਜਨਮ ਦਿਵਸ ਦੀ ਵਧਾਈ ਦਿੱਤੀ ਅਤੇ ਪੁਰਜੋਰ ਅਪੀਲ ਕੀਤੀ ਕਿ 19 ਮਈ ਨੂੰ ਹੋਣ ਵਾਲੀ ਵੋਟਿੰਗ ਵਿਚ ਉਹਨਾਂ ਨੂੰ ਵੋਟਾਂ ਦਾ ਆਸ਼ੀਰਵਾਦ ਦੇਣ ਤਾਂ ਜੋ ਮੈਂਬਰ ਪਾਰਲੀਮੈਂਟ ਬਣ ਕੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਪੂਰਾ ਕੀਤਾ ਜਾ ਸਕੇ ਅਤੇ ਦੇਸ਼ ਵਿਚ ਬਹੁਜਨਾ ਦਾ ਰਾਜ ਸਥਾਪਤ ਹੋ ਸਕੇ। ਇਸ ਤੋਂ ਇਲਾਵਾ ਮੁੱਖ ਬੁਲਾਰੇ ਧਰਮਿੰਦਰ ਭੁੱਲਾਰਾਈ, ਸੁਖਦੇਵ ਗੁਲਾਬਗੜ੍ਹ, ਲਸ਼ਕਰ ਢੰਡਵਾੜਵੀ, ਨਿਰੰਜਣ ਸਿੰਘ ਪਰਵਾਨਾ, ਹਰਭਜਨ ਸੁਮਨ ਪ੍ਰਧਾਨ ਸਮਾਜਿਕ ਕੁਰੀਤੀਆਂ ਬਾਰੇ ਸਮਾਜ ਨੂੰ ਜਾਗਰੁਕ ਕੀਤਾ ਗਿਆ। ਕਲਾਕਾਰਾਂ ਅਤੇ ਮੁੱਖ ਮਹਿਮਾਨ ਸਮੇਤ ਸਮੂਹ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸੀਟੂ ਬਾਈ ਨੇ ਬਾਖੂਬੀ ਨਿਭਾਈ। ਚਾਹ ਪਕੌੜਿਆਂ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਮੌਕੇ ਬਸਪਾ ਆਗੂ ਪਰਵੀਨ ਬੰਗਾ, ਸ੍ਰੀਮਤੀ ਰਚਨਾ ਦੇਵੀ ਸਕੱਤਰ ਬਸਪਾ ਪੰਜਾਬ, ਸਤਨਾਮ ਬਿਰਹਾ, ਗੁਰਨਾਮ ਸਿੰਘ, ਡਾ. ਦਰਸ਼ਨ ਕਟਾਰੀਆ, ਵਿਵੇਕ ਕੁਮਾਰ, ਵਿੱਕੀ ਚੁੰਬਰ, ਕਸਤੂਰੀਰ ਲਾਲ, ਰੋਹਿਤ ਕੁਮਾਰ, ਵਿਜੇ ਕੁਮਾਰ, ਰਾਕੇਸ਼ ਬੰਗਾ, ਪ੍ਰਨੀਸ਼ ਬੰਗਾ, ਅਵਤਾਰ ਅੰਬੇਡਕਰ, ਬੀ.ਕੇ. ਰੱਤੂ, ਮਾਸਟਰ ਸ਼ੀਤਲ ਬੰਗਾ, ਬਲਦੇਵ ਰਾਜ ਕੋਮਲ, ਬਲਵੀਰ ਬਬਲੂ, ਵਿਵੇਕ ਸਿੱਧੂ, ਸਤਨਾਮ ਸੱਤਾ, ਦਲਬੀਰ ਰੱਤੂ, ਜਸਵੀਰ ਬੰਗਾ, ਅਸ਼ੋਕ ਸੂਦ, ਵਿਜੇ ਸੂਦ, ਹੈਪੀ, ਸੀਮਾ ਪ੍ਰਧਾਨ, ਪੁਸ਼ਪਿੰਦਰ ਕੌਰ ਅਠੋਲੀ, ਸੰਤੋਖ ਲਾਲ ਢੱਡਾ ਇੰਚਾਰਜ ਫਗਵਾੜਾ, ਰੇਸ਼ਮ ਲਾਲ, ਸਰਬਜੀਤ, ਕਾਲਾ ਪ੍ਰੇਮਪੁਰਾ, ਸਰਬਜੀਤ ਬੰਗਾ, ਮਦਨ ਲਾਲ ਕੈਲੇ, ਵਿਸ਼ਵਾ ਕੈਲੇ ਆਦਿ ਹਾਜਰ ਸਨ।

# ਏਕਨੂਰ ਖ਼ਾਲਸਾ ਫ਼ੌਜ ਨੇ ਹਰਸਿਮਰਤ ਬਾਦਲ ਨੂੰ ਦਿਖਾਈਆਂ ਕਾਲੀਆਂ ਝੰਡੀਆਂ

**ਬਠਿੰਡਾ–** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰੋਹ ਬਠਿੰਡਾ ਲੋਕ ਸਭਾ ਹਲਕੇ ਵਿੱਚ ਮੁੜ ਦਿਖਣਾ ਸ਼ੁਰੂ ਹੋ ਗਿਆ ਹੈ। ਏਕਨੂਰ ਖ਼ਾਲਸਾ ਫ਼ੌਜ ਨੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੇ ਕਾਫ਼ਲੇ ਨੂੰ ਪਹਿਲੀ ਵਾਰ ਕਾਲੇ ਝੰਡੇ ਵਿਖਾ ਕੇ ਬੇਅਦਬੀ ਵਾਲੇ ਰੋਹ ਦਾ ਮੁੱਢ ਬੰਨ੍ਹ ਦਿੱਤਾ ਹੈ। ਬੀਬਾ ਬਾਦਲ ਬਠਿੰਡਾ ਸੰਸਦੀ ਹਲਕੇ ਤੋਂ ਤੀਜੀ ਵਾਰ ਚੋਣ ਮੈਦਾਨ ਵਿੱਚ ਹਨ।

ਜਾਣਕਾਰੀ ਅਨੁਸਾਰ ਬੀਬਾ ਹਰਸਿਮਰਤ ਕੌਰ ਬਾਦਲ ਪਿੰਡ ਖੇਮੂਆਣਾ ਵਿੱਚ ਰੱਖੇ ਚੋਣ ਜਲਸੇ ਦੌਰਾਨ ਸਟੇਜ ਤੋਂ ਬੋਲਣ ਲੱਗੇ ਤਾਂ ਸਟੇਜ ਦੇ ਐਨ ਸਾਹਮਣੇ ਹਰਜੀਤ ਸਿੰਘ ਨਾਂ ਦੇ ਨੌਜਵਾਨ ਨੇ ਬੋਲਣਾ ਸ਼ੁਰੂ ਕਰ ਦਿੱਤਾ। ਅਕਾਲੀ ਵਰਕਰਾਂ ਨੇ ਨੌਜਵਾਨ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਸਦੀ ਕੁੱਟਮਾਰ ਕਰ ਦਿੱਤੀ। ਇਸ ਮੌਕੇ ਪੰਡਾਲ ਵਿੱਚ ਬੈਠੇ ਪਿੰਡ ਦੇ ਦਰਸ਼ਨ ਸਿੰਘ ਅਤੇ ਜੀਤ ਸਿੰਘ ਨੇ



ਬੇਅਦਬੀ ਮਾਮਲੇ ਵਿਚ ਕੇਂਦਰੀ ਮੰਤਰੀ ਨੂੰ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਚੋਣ ਰੈਲੀ ਦੇ ਇਕੱਠ ਪਿੱਛੇ ਖੜੇ ਇੱਕ ਵਿਅਕਤੀ ਨੇ ਕਾਲੀ ਝੰਡੀ ਵਿਖਾ ਕੇ ਵਿਰੋਧ ਦਾ ਪ੍ਰਗਟਾਵਾ ਕੀਤਾ। ਬੀਬਾ ਬਾਦਲ ਨੇ ਆਪਣੇ ਸੰਬੋਧਨ ਵਿੱਚ ਗੁਟਕੇ ਦੀ ਸਹੁੰ ਖਾ ਕੇ ਮੁੱਕਰਨ ਵਾਲਿਆਂ ਦਾ ਵਿਰੋਧ ਕਰਨ ਦੀ ਨਸੀਹਤ ਦਿੱਤੀ, ਪਰ ਮਾਮਲਾ ਵਧਦਾ ਦੇਖ ਉਨ੍ਹਾਂ ਅਗਲੇ ਪਿੰਡ ਵੱਲ ਚਾਲੇ ਪਾ ਦਿੱਤੇ। ਪਿੰਡ ਹਰਰਾਏਪੁਰ ਵਿੱਚ ਬੀਬਾ ਬਾਦਲ ਨੇ ਚੋਣ ਜਲਸੇ ਨੂੰ ਖ਼ਤਮ ਕੀਤਾ ਤਾਂ ਪਿੰਡ ਦੀ ਤਿੰਨ ਕੋਣੀ ਵਿਖੇ ਏਕਨੂਰ ਖ਼ਾਲਸਾ ਫ਼ੌਜ ਦੇ ਜ਼ਿਲ੍ਹਾ ਪ੍ਰਧਾਨ ਸੁਖਪਾਲ ਸਿੰਘ ਗੋਨਿਆਣਾ, ਪ੍ਰਗਟ ਸਿੰਘ ਭੋਡੀਪੁਰਾ ਕੌਮੀ ਪ੍ਰਧਾਨ ਦਸਤਾਰ ਫੈਡਰੇਸ਼ਨ ਦੀ ਅਗਵਾਈ ਵਿਚ ਇੱਕ ਇਕੱਠੇ ਹੋਏ ਸਾਥੀਆਂ ਨੇ ਘੇਰਨ ਦਾ ਯਤਨ ਕੀਤਾ। ਅਕਾਲੀ ਵਰਕਰਾਂ ਨੂੰ ਇਹਦੀ ਭਿਣਕ ਲੱਗਣ ਕਰਕੇ ਉਹ ਹਰਸਿਮਰਤ ਕੌਰ ਬਾਦਲ ਦੇ ਰੂਟ ਪਲਾਨ ਨੂੰ ਬਦਲਦਿਆਂ ਪਿੰਡ ਦੀ ਫਿਰਨੀ ਵਿੱਚੋਂ ਕਾਫ਼ਲੇ ਨੂੰ ਹਾਈਵੇਅ ਵੱਲ ਲੈ ਗਏ। ਏਕਨੂਰ ਫ਼ੌਜ ਦੇ ਆਗੂਆਂ ਨੇ ਹਾਈਵੇਅ 'ਤੇ ਚੜ੍ਹ ਰਹੇ ਕਾਫ਼ਲੇ ਨੂੰ ਕਾਲੀਆਂ ਝੰਡੀਆਂ ਵਿਖਾ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰੋਸ ਪ੍ਰਗਟ ਕਰਦੇ ਹੋਏ ਨਾਅਰੇ ਲਗਾਏ। ਕੇਂਦਰੀ ਮੰਤਰੀ ਵੱਲੋਂ ਅੱਜ ਪਿੰਡ ਗਿੱਲ ਪੱਤੀ ਤੋਂ ਲੈ ਕੇ ਮੈਕਸ ਕਲੋਨੀ, ਹਰਰਾਏਪੁਰ, ਜੀਦਾ, ਖੇਮੂਆਣਾ, ਨੇਹੀਆ ਵਾਲਾ, ਕੋਠੇ ਨੱਥਾ ਸਿੰਘ ਵਾਲੇ, ਦਾਨ ਸਿੰਘ ਵਾਲਾ, ਆਕਲੀਆ ਕਲਾਂ, ਗੰਗਾ, ਬਰਕੰਦੀ, ਅਬਲੂ ਆਦਿ ਪਿੰਡਾਂ ਵਿਚ ਚੋਣ ਜਲਸੇ ਨੂੰ ਸੰਬੋਧਨ ਕਰਨ ਦਾ ਪ੍ਰੋਗਰਾਮ ਸੀ।







# ਹੁਸ਼ਿਆਰਪੁਰ ਤੋਂ ਬਸਪਾ ਪੀਡੀਏ ਦੇ ਸਾਂਝੇ ਉਮੀਦਵਾਰ ਸਾਬਕਾ ਡੀ ਸੀ ਖੁਸ਼ੀ ਰਾਮ ਵੱਲੋਂ ਨਾਮਜ਼ਦਗੀ ਕਾਗ਼ਜ਼ ਕੀਤੇ ਦਾਖਲ

**ਹੁਸ਼ਿਆਰਪੁਰ (ਅਮਰਜੀਤ ਭੱਟੀ)-** ਬਹੁਜਨ ਸਮਾਜ ਪਾਰਟੀ , ਪੰਜਾਬੀ ਏਕਤਾ ਪਾਰਟੀ , ਲੋਕ ਇਨਸਾਫ਼ ਪਾਰਟੀ , ਸੀ ਪੀ ਆਈ ਪਾਰਟੀ , ਨਵਾਂ ਪੰਜਾਬ ਪਾਰਟੀ , ਆਰ ਐਮ ਪੀ ਆਈ ਪਾਰਟੀ ਆਦਿ ਪਾਰਟੀਆਂ ਦੇ ਵਰਕਰਾਂ ਦਾ ਇਕੱਠੇ ਵੇਖ ਕੇ ਵਿਰੋਧੀਆਂ ਪਾਰਟੀਆਂ ਦੀ ਨੀਂਦ ਉਡਾਣ ਲੱਗ ਗਈ ਹੈ ਇਹ ਵਿਚਾਰ ਅਮਰਜੀਤ ਭੱਟੀ ਸਿਟੀ ਕਨਵੀਨਰ ਬਸਪਾ ਹੁਸ਼ਿਆਰਪੁਰ ਨੇ ਦੱਸਿਆ ਕਿ ਹਜ਼ਾਰਾ ਦੇ ਇਕੱਠ ਨਾਲ ਹੁਸ਼ਿਆਰਪੁਰ ਤੋਂ ਬਸਪਾ ਪੀਡੀਏ ਗਠਜੋੜ ਦੇ ਸਾਂਝੇ ਉਮੀਦਵਾਰ ਸਾਬਕਾ ਡੀ ਸੀ ਖੁਸ਼ੀ ਰਾਮ ਨੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਤੇ ਬਸਪਾ ਪੀਡੀਏ ਤੇ ਦਲਿਤ ਜੱਥੇਬੰਦੀਆਂ ਦਾ ਦਿਲੋਂ ਧੰਨਵਾਦ ਕੀਤਾ ਤੇ ਸਾਬਕਾ ਡੀ ਸੀ ਖੁਸ਼ੀ ਰਾਮ ਜੀ ਨੇ ਕਿਹਾ ਕਿ ਸੰਵਿਧਾਨ ਨੂੰ ਬਣਾਉਣ ਲਈ ਭਾਰਤ ਦੇ ਮੂਲ ਨਿਵਾਸੀ ਲੋਕ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾਉਣ ਕਿਉਂ ਜਿਨ੍ਹਾਂ ਦੀਆਂ ਸਰਕਾਰਾਂ ਹੁੰਦੀਆਂ ਹਨ ਉਨ੍ਹਾਂ ਉੱਪਰ ਕਰਦੇ ਜ਼ੁਲਮ ਨਹੀਂ ਹੁੰਦਾ ਹੁਣ ਸਮਾਂ ਹੈ ਇਨ੍ਹਾਂ ਮਨੂੰਵਾਦੀ ਸਰਕਾਰਾਂ ਨੂੰ ਸੱਤਾ ਤੋਂ ਦੂਰ ਕਰਨ ਲਈ ਬਸਪਾ ਹੀ ਸੰਵਿਧਾਨ ਨੂੰ ਸਹੀ ਲਾਗੂ ਕਰ ਸਕਦੀ ਹੈ ਖੁਸ਼ੀ ਰਾਮ ਜੀ ਨੇ ਕਿਹਾ ਕਿ ਐਸ ਸੀ ਐਕਟ ਬਚਾਉਣ ਲਈ ਬਸਪਾ ਹੀ 2 ਅਪ੍ਰੈਲ ਨੂੰ ਦਲਿਤ ਸੰਗਠਨਾਂ ਨਾਲ ਮੈਦਾਨ ਚ ਆਈ ਸੀ ਤੇ ਹੁਣ ਐਸ ਸੀ ਐਕਟ ਦੇ ਹੱਕ ਚ ਜਿਹੜੀਆਂ ਪਾਰਟੀਆਂ ਦੇ ਉਮੀਦਵਾਰ ਤੁਹਾਡੇ ਦਰਵਾਜ਼ੇ ਚ ਆਉਣਗੇ ਉਨ੍ਹਾਂ ਨੂੰ ਪੁੱਛਿਓ ਕਿ 2 ਅਪ੍ਰੈਲ ਨੂੰ ਤੁਸੀ ਸਮਾਜ ਨਾਲ ਕਿਉਂ ਨਹੀਂ ਖੜ੍ਹੇ ਹੋਏ ਐਸ ਸੀ ਐਕਟ ਦੇ ਹੱਕ ਚ ਕਿਉਂ ਨਹੀਂ ਆਏ ਜੋ ਸਮਾਜ ਆਪਣੇ ਹੱਕਾਂ ਲਈ ਲੜਦੇ ਹਨ ਉਨ੍ਹਾਂ ਕੋਮਾਂ ਨੂੰ ਹਮੇਸ਼ਾ ਲੋਕ ਯਾਦ ਕਰਦੇ ਹਨ ਜਿਸ ਤਰ੍ਹਾਂ ਅੱਜ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਨੂੰ ਕਰਦੇ ਹਨ।





# ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਨੇ ਸ਼ਕਤੀ ਪ੍ਰਦਰਸ਼ਨ ਕਰਕੇ ਦਾਖਲ ਕੀਤੇ ਨਾਮਜ਼ਦਗੀ ਪੱਤਰ

**ਜਲੰਧਰ / ਫਗਵਾੜਾ (ਰੱਤੂ)-** ਪੰਜਾਬ ਡੈਮੋਕ੍ਰੇਟਿਕ ਅਲਾਇੰਸ (ਪੀਡੀਏ) ਦੇ ਜਲੰਧਰ ਲੋਕਸਭਾ ਸੀਟ ਤੋਂ ਉਮੀਦਵਾਰ ਬਲਵਿੰਦਰ ਕੁਮਾਰ ਨੇ ਅੱਜ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤੇ। ਇਸ ਤੋਂ ਪਹਿਲਾਂ ਬਲਵਿੰਦਰ ਕੁਮਾਰ ਵੱਲੋਂ ਰੇਰੂ ਪਿੰਡ ਤੋਂ ਡੀਸੀ ਕਾਂਪਲੈਕਸ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਵਰਕਰਾਂ-ਆਮ ਲੋਕਾਂ ਸਮੇਤ ਰੋਡ ਸ਼ੋਅ ਕੱਢਿਆ ਗਿਆ। ਇਸ ਮੌਕੇ ’ਤੇ ਪੀਡੀਏ ਆਗੂਆਂ-ਵਰਕਰਾਂ ਨੇ ਭਾਰੀ ਉਤਸ਼ਾਹ ਦਿਖਾਇਆ। ਬਲਵਿੰਦਰ ਕੁਮਾਰ ਦੇ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਬਸਪਾ ਦੇ ਸੂਬਾ ਪ੍ਰਧਾਨ ਸ. ਰਸ਼ਪਾਲ ਸਿੰਘ ਰਾਜੂ, ਪੰਜਾਬ ਏਕਤਾ ਪਾਰਟੀ ਦੇ ਡਾ. ਇੰਦਰਜੀਤ ਭੱਲਾ, ਸ. ਸਕੱਤਰ ਸਿੰਘ, ਨਰਿੰਦਰ ਸਿੰਘ ਚਾਵਲਾ, ਸਵਰਣ ਸਿੰਘ ਮਿਨਹਾਸ, ਲੋਕ ਇਨਸਾਫ ਪਾਰਟੀ ਦੇ ਜਸਵੀਰ ਸਿੰਘ ਬੱਗਾ, ਆਰਐਮਪੀਆਈ ਦੇ ਕਾਮਰੇਡ ਦਰਸ਼ਨ ਨਾਹਰ, ਬਸਪਾ ਆਗੂ ਰਜਿੰਦਰ ਸਿੰਘ ਰੀਹਲ, ਗੁਰਮੇਲ ਚੁੰਬਰ, ਡਾ. ਨਛੱਤਰ ਪਾਲ, ਸੁਖਵਿੰਦਰ ਕੋਟਲੀ, ਤੀਰਥ ਰਾਜਪੁਰਾ, ਜਗਦੀਸ਼ ਸ਼ੇਰਪੁਰੀ, ਸਤਪਾਲ ਵਿਰਕ, ਰਾਮ ਸਰੂਪ ਸਰੋਏ, ਅੰਮ੍ਰਿਤਪਾਲ ਭੌਂਸਲੇ, ਸੁਸ਼ੀਲ ਵਿਰਦੀ, ਰਾਮ ਸਰੂਪ ਚੰਬਾ, ਡਾ. ਸੁਖਵੀਰ ਸਲਾਰਪੁਰ, ਸੁਖਵਿੰਦਰ ਗੜਵਾਲ, ਕੀਰਤਨ ਰਾਮ, ਸ਼ਾਦੀ ਲਾਲ ਬੱਲਾਂ, ਹਰਜਿੰਦਰ ਬਿੱਲਾ, ਸੁਖਦੇਵ ਕੁਮਾਰ, ਦਵਿੰਦਰ ਗੋਗਾ, ਰਣਜੀਤ, ਪੀਡੀ ਸ਼ਾਂਤ, ਸਤਪਾਲ ਬੱਧਣ, ਹਰਮੇਸ਼ ਖੁਰਲਾ ਕਿੰਗਰਾ ਸਮੇਤ ਪੀਡੀਏ ਦੇ ਹਜ਼ਾਰਾਂ ਦੀ ਗਿਣਤੀ ਵਿੱਚ ਆਗੂ, ਵਰਕਰ ਤੇ ਆਮ ਲੋਕ ਪਹੁੰਚੇ। ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਦੇ ਪੱਖ ਵਿੱਚ ਰੇਰੂ ਗੇਟ ਤੋਂ ਡੀਸੀ ਕਾਂਪਲੈਕਸ ਤੱਕ ਵਿਸ਼ਾਲ ਰੋਡ ਸ਼ੋਅ ਕੀਤਾ ਗਿਆ। ਇਸ ਦੌਰਾਨ 'ਐਮਪੀ ਬਲਵਿੰਦਰ ਚਾਹੀਦਾ’ ਗੀਤ ਗੂੰਜਦਾ ਰਿਹਾ, ਜਿਸ ’ਤੇ ਲੋਕ ਭੰਗੜਾ ਪਾਉਂਦੇ ਦਿਖਾਈ ਦਿੱਤੇ। ਇਸਦੇ ਨਾਲ-ਨਾਲ 'ਜਲੰਧਰ ਵਾਸੀ ਕਰਨ ਪੁਕਾਰ, ਸਾਡਾ ਐਮਪੀ ਬਲਵਿੰਦਰ ਕੁਮਾਰ’ ਦੇ ਨਾਅਰੇ ਵੀ ਗੂੰਜਦੇ ਰਹੇ। ਇਸ ਮੌਕੇ ਪੀਡੀਏ ਵਰਕਰਾਂ ਤੇ ਲੋਕਾਂ ਵਿੱਚ ਬਲਵਿੰਦਰ ਕੁਮਾਰ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਬਲਵਿੰਦਰ ਕੁਮਾਰ ਨੇ ਕਿਹਾ ਕਿ ਜਲੰਧਰ ਲੋਕਸਭਾ ਸੀਟ ਤੋਂ ਪੰਜਾਬ ਡੈਮੋਕ੍ਰੇਟਿਕ ਅਲਾਇੰਸ 1 ਲੱਖ ਤੋਂ ਵੱਧ ਵੋਟਾਂ ਦੀ ਲੀਡ ਨਾਲ ਜਿੱਤ ਪ੍ਰਾਪਤ ਕਰੇਗਾ। ਉਨ੍ਹਾਂ ਕਿਹਾ ਕਿ ਜਲੰਧਰ ਦੇ ਲੋਕ ਬਦਲਾਅ ਚਾਹੁੰਦੇ ਹਨ। ਲੋਕ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਤੋਂ ਦੁਖੀ ਹੋ ਚੁੱਕੇ ਹਨ। ਜਲੰਧਰ ਸਮੇਤ ਪੂਰੇ ਪੰਜਾਬ ਵਿੱਚ ਲੋਕਾਂ ਦਾ ਰੁਝਾਨ ਪੀਡੀਏ ਵੱਲ ਦਿਖਾਈ ਦੇ ਰਿਹਾ ਹੈ। ਇਸ ਮੌਕੇ ’ਤੇ ਹੋਏ ਭਾਰੀ ਇਕੱਠ ਨੂੰ ਬਹੁਜਨ ਸਮਾਜ ਪਾਰਟੀ, ਪੰਜਾਬ ਏਕਤਾ ਪਾਰਟੀ, ਲੋਕ ਇਨਸਾਫ ਪਾਰਟੀ, ਆਰਐਮਪੀਆਈ ਤੇ ਸੀਪੀਆਈ ਦੇ ਕਈ ਹੋਰ ਸੀਨੀਅਰ ਆਗੂਆਂ ਨੇ ਵੀ ਸੰਬੋਧਨ ਕੀਤਾ।





# ਨਾਮਜ਼ਦਗੀਆਂ ਦਾ ਦੌਰ ਆਰੰਭ ਹੋਣ ਨਾਲ ਹੀ ਪੰਜਾਬ ਵਿਚ ਚੋਣ ਮੈਦਾਨ ਭਖਿਆ

**(ਸਫਾ 1 ਦੀ ਬਾਕੀ)**

ਹਿੰਦੁਸਤਾਨ ਸ਼ਕਤੀ ਸੈਨਾ ਦੇ ਸੰਤੋਖ ਸਿੰਘ, ਪੰਜਾਬ ਏਕਤਾ ਪਾਰਟੀ ਦੀ ਪਰਮਜੀਤ ਕੌਰ ਖਾਲੜਾ ਅਤੇ ਹਰਮਨਦੀਪ ਸਿੰਘ, ਡੈਮੋਕ੍ਰੇਟਿਕ ਪਾਰਟੀ ਆਫ ਇੰਡੀਆ (ਅੰਬੇਦਕਰ) ਦੇ ਪਰਵਿੰਦਰ ਸਿੰਘ ਤੇ ਕਈ ਆਜ਼ਾਦ ਉਮੀਦਵਾਰਾਂ ਨੇ ਆਪਣੇ ਪਰਚੇ ਭਰੇ। ਲੋਕ ਸਭਾ ਹਲਕਾ ਹੁਸ਼ਿਆਰਪੁਰ (ਰਾਖ਼ਵਾਂ) ਤੋਂ ਆਮ ਆਦਮੀ ਪਾਰਟੀ ਦੇ ਗੁਰਨਾਮ ਸਿੰਘ, ਨੈਸ਼ਨਲਿਸਟ ਜਸਟਿਸ ਪਾਰਟੀ ਦੇ ਧਰਮ ਪਾਲ, ਦਵਿੰਦਰ ਸਿੰਘ (ਆਜ਼ਾਦ ਉਮੀਦਵਾਰ), ਬਹੁਜਨ ਸਮਾਜ ਪਾਰਟੀ ਦੇ ਖੁਸ਼ੀ ਰਾਮ ਅਤੇ ਸਮਾਜ ਭਲਾਈ ਮੋਰਚਾ ਦੇ ਪਰਮਜੀਤ ਸਿੰਘ, ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ, ਸ਼ਿਵ ਸੈਨਾ ਦੇ ਫਕੀਰ ਚੰਦ, ਕਾਂਗਰਸ ਦੇ ਮਨੀਸ਼ ਤਿਵਾੜੀ ਅਤੇ ਅਭਿਮੰਨਿਊ ਤਿਵਾੜੀ, ਪੀਪਲਜ਼ ਪਾਰਟੀ ਆਫ਼ ਇੰਡੀਆ (ਡੈਮੋਕਰੇਟਿਕ) ਦੇ ਗੁਰਬਿੰਦਰ ਸਿੰਘ, ਆਜ਼ਾਦ ਉਮੀਦਵਾਰ ਜਗਨੀਤ ਸਿੰਘ ਸਣੇ ਕਈ ਆਜ਼ਾਦ ਉਮੀਦਵਾਰਾਂ ਨੇ ਪਰਚੇ ਭਰੇ। ਲੋਕ ਸਭਾ ਹਲਕਾ ਲੁਧਿਆਣਾ ਤੋਂ ਅੰਬੇਦਕਰਾਈਟ ਪਾਰਟੀ ਦੇ ਦਿਲਦਾਰ ਸਿੰਘ, ਭਾਰਤੀ ਲੋਕ ਸੇਵਾ ਦਲ ਦੇ ਅਮਰਜੀਤ ਸਿੰਘ, ਜੈ ਜਵਾਨ ਜੈ ਕਿਸਾਨ ਦੇ ਦਰਸ਼ਨ ਸਿੰਘ, ਰਾਸ਼ਟਰੀਯਾ ਸਹਾਰਾ ਪਾਰਟੀ ਦੇ ਮੁਹੰਮਦ ਨਸੀਮ ਅੰਸਾਰੀ, ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਸੁਖਵਿੰਦਰ ਸਿੰਘ, ਆਜ਼ਾਦ ਉਮੀਦਵਾਰ ਮਹਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਹਿਤੇਸ਼ ਇੰਦਰ ਸਿੰਘ, ਆਜ਼ਾਦ ਉਮੀਦਵਾਰ ਬਲਜੀਤ ਸਿੰਘ, ਬਹੁਜਨ ਮੁਕਤੀ ਪਾਰਟੀ ਦੇ ਰਾਮ ਸਿੰਘ ਦੀਪਕ ਅਤੇ ਆਜ਼ਾਦ ਉਮੀਦਵਾਰ ਰਜਿੰਦਰ ਕੁਮਾਰ ਗੋਇਲ ਨੇ ਨਾਮਜ਼ਦਗੀ ਦਾਖ਼ਲ ਕੀਤੀ। ਫਤਿਹਗੜ੍ਹ ਸਾਹਿਬ (ਰਾਖ਼ਵਾਂ) ਤੋਂ ਰਾਸ਼ਟਰੀ ਲੋਕ ਸਵਰਾਜ ਪਾਰਟੀ ਦੇ ਅਸ਼ੋਕ ਕੁਮਾਰ, ਇੰਡੀਅਨ ਨੈਸ਼ਨਲ ਕਾਂਗਰਸ ਦੇ ਅਮਰ ਸਿੰਘ, ਲੋਕ ਇਨਸਾਫ਼ ਪਾਰਟੀ ਦੇ ਮਨਵਿੰਦਰ ਸਿੰਘ, ਆਮ ਆਦਮੀ ਪਾਰਟੀ ਦੇ ਬਨਦੀਪ ਸਿੰਘ, ਆਜ਼ਾਦ ਉਮੀਦਵਾਰ ਲਛਮਣ ਸਿੰਘ ਸਣੇ ਹੋਰਾਂ ਵੱਲੋਂ ਪਰਚੇ ਭਰੇ ਗਏ। ਹਲਕਾ ਫਰੀਦਕੋਟ (ਰਾਖ਼ਵੇਂ) ਤੋਂ ਬਹੁਜਨ ਮੁਕਤੀ ਪਾਰਟੀ ਦੇ ਚੰਨਣ ਸਿੰਘ, ਸਮਾਜ ਅਧਿਕਾਰ ਕਲਿਆਣ ਪਾਰਟੀ ਦੀ ਵੀਰਪਾਲ ਕੌਰ, ਆਮ ਆਦਮੀ ਪਾਰਟੀ ਦੇ ਸਾਧੂ ਸਿੰਘ ਅਤੇ ਰਾਜਪਾਲ ਸਿੰਘ, ਭਾਰਤੀ ਜਨਰਾਜ ਪਾਰਟੀ ਦੇ ਓਮ ਪ੍ਰਕਾਸ਼, ਭਾਰਤ ਪ੍ਰਭਾਤ ਪਾਰਟੀ ਦੇ ਪਰਮਿੰਦਰ ਸਿੰਘ, ਭਾਰਤੀਯਾ ਲੋਕ ਸੇਵਾ ਦਲ ਦੇ ਭੋਲਾ ਸਿੰਘ, ਆਜ਼ਾਦ ਉਮੀਦਵਾਰ ਜਗਮੀਤ ਸਿੰਘ, ਪੰਜਾਬ ਏਕਤਾ ਪਾਰਟੀ ਦੇ ਬਲਦੇਵ ਸਿੰਘ ਤੇ ਹੋਰਨਾਂ ਨੇ ਪਰਚੇ ਭਰੇ। ਹਲਕਾ ਫਿਰੋਜ਼ਪੁਰ ਤੋਂ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ, ਜਨਰਲ ਸਮਾਜ ਪਾਰਟੀ ਦੇ ਬਲਵੰਤ ਸਿੰਘ, ਆਜ਼ਾਦ ਉਮੀਦਵਾਰ ਪਰਮਿੰਦਰ ਸਿੰਘ, ਡੈਮੋਕਰੇਟਿਕ ਪਾਰਟੀ ਆਫ ਇੰਡੀਆ (ਅੰਬੇਦਕਰ) ਦੇ ਸਤਨਾਮ ਸਿੰਘ, ਆਜ਼ਾਦ ਉਮੀਦਵਾਰ ਸ਼ੁਸ਼ੀਲ ਕੁਮਾਰ, ਅਕਾਲੀ ਦਲ (ਅੰਮ੍ਰਿਤਸਰ) ਦੇ ਜਤਿੰਦਰ ਸਿੰਘ ਤੇ ਹੋਰਾਂ ਨੇ ਅੱਜ ਪਰਚੇ ਭਰੇ ਹਨ।

ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ, ਆਜ਼ਾਦ ਉਮੀਦਵਾਰ ਰਾਕੇਸ਼ ਭਾਟਿਆ, ਆਜ਼ਾਦ ਉਮੀਦਵਾਰ ਗੁਰਚਰਨ ਸਿੰਘ, ਆਜ਼ਾਦ ਉਮੀਦਵਾਰ ਰਣਵੀਰ ਸਿੰਘ, ਆਜ਼ਾਦ ਉਮੀਦਵਾਰ ਸੰਦੀਪ ਕੁਮਾਰ, ਪੰਜਾਬ ਲੇਬਰ ਪਾਰਟੀ ਦੇ ਗੁਰਮੀਤ ਸਿੰਘ ਇੰਸਾ, ਆਜ਼ਾਦ ਉਮੀਦਵਾਰ ਲਖਬੀਰ ਸਿੰਘ, ਵੀਰਪਾਲ ਕੌਰ, ਮਨਜੀਤ ਕੌਰ, ਭੋਲਾ ਸਿੰਘ ਸਹੋਤਾ, ਸੁਨੀਲ ਕੁਮਾਰ, ਆਮ ਆਦਮੀ ਪਾਰਟੀ ਦੀ ਰਣਜੀਤ ਕੌਰ, ਆਜ਼ਾਦ ਉਮੀਦਵਾਰ ਅਮਰੀਕ ਸਿੰਘ, ਹਰਪਾਲ ਸਿੰਘ, ਸੁਰਜੀਤ ਸਿੰਘ, ਭਾਰਤੀ ਲੋਕ ਸੇਵਾ ਦਲ ਦੇ ਜਗਦੇਵ ਸਿੰਘ, ਆਜ਼ਾਦ ਉਮੀਦਵਾਰ ਗੁਰਮੇਲ ਸਿੰਘ, ਪੰਜਾਬ ਏਕਤਾ ਪਾਰਟੀ ਦੇ ਦੀਪਕ ਬਾਂਸਲ, ਆਜ਼ਾਦ ਉਮੀਦਵਾਰ ਗੁਰਦੀਪ ਸਿੰਘ, ਆਜ਼ਾਦ ਉਮੀਦਵਾਰ ਤੇਜਾ ਸਿੰਘ ਅਤੇ ਆਜ਼ਾਦ ਉਮੀਦਵਾਰ ਸੁਖਰਾਜ ਸਿੰਘ ਨੱਤ ਵੱਲੋਂ, ਲੋਕ ਸਭਾ ਹਲਕਾ ਸੰਗਰੂਰ ਤੋਂ ਆਜ਼ਾਦ ਉਮੀਦਵਾਰ ਦਿਆਲ ਚੰਦ, ਅਕਾਲੀ ਦਲ ਦੇ ਪਰਮਿੰਦਰ ਸਿੰਘ ਅਤੇ ਗਗਨਦੀਪ ਕੌਰ, ਭਾਰਤੀ ਜਨਰਾਜ ਪਾਰਟੀ ਦੇ ਮਨੀਸ਼ ਕੁਮਾਰ, ਜਨਤਾ ਦਲ (ਯੂਨਾਈਟਿਡ) ਦੇ ਮਾਲਵਿੰਦਰ ਸਿੰਘ, ਲੋਕ ਇਨਸਾਫ਼ ਪਾਰਟੀ ਦੇ ਜਸਰਾਜ ਸਿੰਘ ਲੌਂਗੀਆ, ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਅਤੇ ਹੋਰਨਾਂ ਨੇ ਕਾਗਜ਼ ਦਾਖ਼ਲ ਕੀਤੇ ਹਨ।

ਜਲੰਧਰ ਤੋਂ ਆਜ਼ਾਦ ਉਮੀਦਵਾਰ ਨੀਟੂ, ਭਾਰਤ ਪ੍ਰਭਾਤ ਪਾਰਟੀ ਦੇ ਗੁਰੁਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਚਰਨਜੀਤ ਸਿੰਘ ਤੇ ਹੋਰਨਾਂ ਵੱਲੋਂ ਕਾਗਜ਼ ਦਾਖ਼ਲ ਕੀਤੇ ਗਏ ਹਨ। ਪਟਿਆਲਾ ਤੋਂ ਆਜ਼ਾਦ ਉਮੀਦਵਾਰ ਜਗਮੇਲ ਸਿੰਘ, ਬਲਦੀਪ ਸਿੰਘ, ਬਨਵਾਰੀ ਲਾਲ, ਅਵਤਾਰ ਸਿੰਘ, ਰਾਸ਼ਟਰੀ ਜਨਸ਼ਕਤੀ ਪਾਰਟੀ (ਸੈਕੁਲਰ) ਦੇ ਅਜੈਬ ਸਿੰਘ ਸਣੇ ਹੋਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ ਹਨ।

**ਪੰਜਾਬ ’ਚ 4.68 ਲੱਖ ਨਵੇਂ ਵੋਟਰ ਬਣੇ**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਸੂਬੇ ਵਿੱਚ 31 ਜਨਵਰੀ ਤੋਂ ਲੈ ਕੇ 19 ਅਪਰੈਲ ਤੱਕ 4. 68 ਲੱਖ ਨਵੇਂ ਨਾਂ ਵੋਟਰ ਸੂਚੀ ਵਿੱਚ ਦਰਜ ਹੋਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚ 1128 ਐਨ.ਆਰ.ਆਈ. ਵੋਟਰਾਂ ਨੇ ਆਪਣੇ ਨਾਮ ਵੋਟਰ ਸੂਚੀ ਵਿੱਚ ਦਰਜ ਕਰਵਾਏ ਹਨ। ਹੁਣ ਰਾਜ ਵਿੱਚ ਕੁੱਲ 2 ਕਰੋੜ 7 ਲੱਖ 81 ਹਜ਼ਾਰ 211 ਵੋਟਰ ਹੋ ਗਏ ਹਨ।


## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਈ ਮਹੀਨੇ ਹੋਣ ਵਾਲੇ ਪ੍ਰੋਗਰਾਮ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਸ਼ਾ ਸਿਟੀ ਵਿਖੇ ਧੰਨ ਧੰਨ ਸਤਿਗੁਰੂ ਧੰਨਾ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਮਿਤੀ ਮਈ 3, 4, 5 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਛਤਰ ਛਾਇਆ ਹੇਠ ਮਨਾਇਆ ਜਾ ਰਿਹਾ ਹੈ।

**ਪ੍ਰੋਗਰਾਮਾਂ ਦਾ ਵੇਰਵਾ**

**3 ਮਈ 2019 ਦਿਨ ਸ਼ੁੱਕਰਵਾਰ**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**

**5 ਮਈ 2019 ਦਿਨ ਐਤਵਾਰ**

**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ:

ਗੁਰੂ ਘਰ 530-674-2564
ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823
ਸ੍ਰੀ ਪ੍ਰਸ਼ੋਤਮ ਸੂਦ (ਚੇਅਰਮੈਨ) 530-845-4508
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-682-3612

**SHRI GURU RAVIDASS TEMPLE**

**1480 HAYNE AVENUE, YUBA CITY, CA 95993**



## ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੇ 128ਵੇਂ ਜਨਮ ਦਿਵਸ 11 ਮਈ ਨੂੰ ਸੈਕਰਾਮੈਂਟੋ ਵਿਖੇ ਮਨਾਏ ਜਾਣਗੇ

ਭਾਰਤ ਰਤਨ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 128ਵੇਂ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਸੈਕਰਾਮੈਂਟੋ ਅਤੇ ਯੂਬਾ ਸਿਟੀ ਦੀਆਂ ਸਮੂੰਹ ਸੰਗਤਾਂ ਵਲੋਂ ਸਾਂਝੇ ਤੌਰ ਤੇ ਕਰਵਾਏ ਜਾ ਰਹੇ ਹਨ।

ਬਾਬਾ ਸਾਹਿਬ ਦੇ ਜੀਵਨ ਅਤੇ ਸੰਦੇਸ਼ਾਂ ਦੇ ਵਿਸ਼ੇ ਤੇ ਵਿਚਾਰ ਚਰਚਾ ਹੋਵੇਗੀ ਅਤੇ ਮਿਸ਼ਨਰੀ ਗੀਤਕਾਰ ਵੀ ਭਾਗ ਲੈਣਗੇ।

ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ ਹੈ।

ਦਿਨ: ਸ਼ਨੀਵਾਰ, 11 ਮਈ 2019

**ਸਮਾਂ: ਸ਼ਾਮ 5 ਵਜੇ ਤੋਂ ਸ਼ਾਮ 10 ਵਜੇ ਤੱਕ**

**ਸਥਾਨ-** Royal Event Hall
7323 Home Leisure Plaza #6
Sacramento, CA-95823

**ਵਧੇਰੇ ਜਾਣਕਾਰੀ ਲਈ:**

ਸ੍ਰੀ ਮੋਹਿੰਦਰ ਸਿੰਘ ਧਾਮੀ (916) 917-2075
ਸ੍ਰੀ ਦਲਵਿੰਦਰ ਰੱਲ (530) 933-3938

ਸੇਵਾ: ਸੈਕਰਾਮੈਂਟੋ ਅਤੇ ਯੂਬਾ ਸਿਟੀ ਸਮੂੰਹ ਸਾਧਸੰਗਤਿ ਜੀਓ।

ਕਿਰਪਾ ਕਰਕੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਹਿਤ ਦਰਸ਼ਨ ਦੇਣ ਦੀ ਕ੍ਰਿਪਾ ਕਰਨੀ ਜੀ।

# ਪ੍ਰਿੰਸ ਵਿਲੀਅਮ ਨੇ ਕ੍ਰਾਈਸਟਚਰਚ ਵਿਖੇ ਅਲ ਨੂਰ ਮਸਜਿਦ ਦਾ ਕੀਤਾ ਦੌਰਾ-ਨਮਾਜ਼ੀਆਂ ਨਾਲ ਹਮਦਰਦੀ ਪ੍ਰਗਟ ਕੀਤੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਇੰਗਲੈਂਡ ਦੇ ਸ਼ਹਿਜ਼ਾਦਾ ਪ੍ਰਿੰਸ ਵਿਲੀਅਮ ਜੋ ਕਿ ਪ੍ਰਿੰਸ ਚਾਰਲਸ ਅਤੇ ਸਵ. ਡਿਆਨਾ ਦੇ ਪੁੱਤਰ ਹਨ ਅਤੇ ਰਾਣੀ ਏਲਿਜ਼ਾਬੇਥ-2 ਦੇ ਪੋਤਰੇ ਹਨ, ਬੀਤੇ ਕੱਲ੍ਹ ਤੋਂ ਨਿਊਜ਼ੀਲੈਂਡ ਦੌਰੇ 'ਤੇ ਹਨ। ਕੱਲ੍ਹ ਸਵੇਰੇ ਔਕਲੈਂਡ ਵਾਰ ਮੈਮੋਰੀਅਲ ਵਿਖੇ ਐਨ. ਜ਼ੈਕ. ਡੇਅ ਮੌਕੇ ਜਿੱਥੇ ਵਿਸ਼ਵ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਥੇ ਉਹ ਕੱਲ੍ਹ ਸ਼ਾਮ ਹੀ ਕ੍ਰਾਈਸਟਚਰਚ ਵਿਖੇ ਪਹੁੰਚ ਗਏ। ਅੱਜ ਆਪਣੇ ਦੌਰੇ ਦਾ ਦੂਜਾ ਦਿਨ ਉਨ੍ਹਾਂ ਅਲ ਨੂਰ ਮਸਜਿਦ ਕ੍ਰਾਈਸਟਚਰਚ ਤੋਂ ਸ਼ੁਰੂ ਕੀਤਾ। ਇਥੇ ਉਨ੍ਹਾਂ ਨੇ ਉਹ ਜਗ੍ਹਾ ਵੇਖੀ ਜਿੱਥੇ ਇਕ ਅੱਤਵਾਦੀ ਨੇ 15 ਮਾਰਚ ਅੱਜ ਦੇ ਹੀ ਦਿਨ ਸ਼ੁੱਕਰਵਾਰ ਨੂੰ 50 ਨਿਹੱਥੇ ਲੋਕਾਂ ਨੂੰ ਮਾਰ ਦਿੱਤਾ ਅਤੇ 42 ਲੋਕਾਂ ਨੂੰ ਜ਼ਖਮੀ ਕਰ ਦਿੱਤਾ ਸੀ। ਪ੍ਰਿੰਸ ਵਿਲੀਅਮ ਨੇ ਨਮਾਜ਼ੀ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਉਨ੍ਹਾਂ ਨੂੰ ਸੰਬੋਧਨ ਹੁੰਦਿਆ ਕਿਹਾ ਕਿ ਸਾਡੇ ਪਿਆਰ ਦੀ ਫੌਜ ਈਰਖਾ ਦੀ ਫੌਜ ਉਤੇ ਹਮੇਸ਼ਾਂ ਜਿੱਤ ਪ੍ਰਾਪਤ ਕਰਗੀ। ਉਨ੍ਹਾਂ ਨੇ ਬੜੇ ਪਿਆਰ ਨਾਲ



ਲੋਕਾਂ ਕੋਲੋਂ ਘਟਨਾ ਬਾਰੇ ਜਾਣਿਆ ਅਤੇ ਕ੍ਰਾਈਸਟਚਰਚ ਹਸਪਤਾਲ ਦਾ ਦੌਰ ਵੀ ਕੀਤਾ। ਇਥੇ ਉਨ੍ਹਾਂ ਡਾਕਟਰਾਂ ਦੀ ਟੀਮ, ਐਮਰਜੈਂਸੀ ਸਟਾਫ, ਜ਼ਿਲ੍ਹਾ ਹੈਲਥ ਬੋਰਡ ਅਤੇ ਹੋਰ ਡਾਕਟਰੀ ਅਮਲੇ ਨਾਲ ਗੱਲਬਾਤ ਕੀਤੀ। ਬੀਤੇ ਕੱਲ੍ਹ ਵੀ ਉਹ ਸਟਾਰ ਸ਼ਿੱਪ ਹਸਪਤਾਲ ਵਿਖੇ ਇਕ 4-5 ਸਾਲਾ ਬੱਚੇ ਨੂੰ ਵੇਖਣ ਗਏ ਸਨ। ਇਸ ਮੌਕੇ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਜੌਸਿੰਡਾ ਅਰਡਨ ਵੀ ਉਨ੍ਹਾਂ ਦੇ ਨਾਲ ਸੀ। ਇਸ ਕਾਫਲੇ ਦੌਰਾਨ ਨਿਊਜ਼ੀਲੈਂਡ ਦੀ ਭਾਰੀ ਫੋਰਸ ਨਾਲ ਸੀ ਅਤੇ ਚੱਪਾ-ਚੱਪਾ ਛਾਣ ਰਹੀ ਸੀ ਤਾਂ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਇਸ ਸਾਰੇ ਦੌਰੇ ਦੌਰਾਨ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਅਰਡਨ ਦੀ ਨਿਮਰਤਾ ਬਹੁਤ ਵਾਰ ਝਲਕੀ। ਉਹ ਬੈਠ ਕੇ ਇਕ ਬੱਚੇ ਨਾਲ ਗੱਲਬਾਤ ਕਰਦੀ ਵੇਖੀ ਗਈ, ਮਸਜਿਦ ਦੇ ਬਾਹਰ ਪ੍ਰਿੰਸ ਵਿਲੀਅਮ ਦੀ ਉਡੀਕ ਕਰਦੀ ਰਹੀ ਅਤੇ ਔਕਲੈਂਡ ਦੇ ਹਸਪਤਾਲ ਦੇ ਵਿਚ ਹੇਠਾਂ ਬੈਠੀ ਵੇਖੀ ਜਦ ਕਿ ਪ੍ਰਿੰਸ ਵਿਲੀਅਮ ਬੱਚੇ ਦੇ ਬੈਡ ਉਤੇ ਬੈਠ ਕੇ ਗੱਲਾਂ ਕਰ ਰਹੇ ਸਨ। ਇਹ ਦ੍ਰਿਸ਼ ਕਾਫੀ ਭਾਵੁਕ ਸੀ, ਇਕ ਬੱਚੇ ਦੇ ਸਾਹਮਣੇ ਦੋ ਵੱਡੇ ਲੋਕ ਨਿਮਰਤਾ ਦੇ ਛੱਟੇ ਵੰਡ ਰਹੇ ਸਨ। ਅਜਿਹੇ ਬੱਚੇ ਜੀਵਨ ਭਰ ਇਸ ਦੇਸ਼ ਦਾ ਅਤੇ ਸਥਾਨਕ ਲੋਕਾਂ ਦਾ ਕਿਵੇਂ ਬੁਰਾ ਸੋਚ ਸਕਣਗੇ? ਸਵਾਲ ਹੀ ਪੈਦਾ ਨਹੀਂ ਹੁੰਦਾ।

# ਵੈਸਟ ਚੈਸਟਰ (ਅਮਰੀਕਾ) ਵਿਚ ਪੰਜਾਬੀ ਪਰਿਵਾਰ ਦੇ 4 ਜੀਆਂ ਦਾ ਕਤਲ

## ਅਮਰੀਕਾ ਦੀਆਂ ਖੁਫੀਆ ਏਜੰਸੀਆਂ ਲੱਗੀਆਂ ਕਾਤਲ ਦੀ ਭਾਲ 'ਚ

**ਓਹੀਓ, ਅਮਰੀਕਾ (ਹੁਸਨ ਲੜੋਆ ਬੰਗਾ)**—ਵੈਸਟ ਚੈਸਟਰ ਅਪਾਰਟਮੈਂਟ ਵਿਚ ਇਕ ਪੰਜਾਬੀ ਪਰਿਵਾਰ ਦੇ 4 ਜੀਆਂ ਦੀ ਮੌਤ ਭੇਦ ਬਣੀ ਹੋਈ ਹੈ। ਇਨਾਂ ਸਾਰਿਆਂ ਦੀ ਮੌਤ ਗੋਲੀਆਂ ਵੱਜਣ ਨਾਲ ਹੋਈ ਹੈ। ਇਹ ਪੰਜਾਬੀ ਪਰਿਵਾਰ ਗੁਰੂ ਘਰ ਨਾਲ ਬਹੁਤ ਲਗਾਅ ਰਖਦਾ ਸੀ। ਹੋ ਸਕਦਾ ਹੈ ਕਿ ਉਨਾਂ ਦੀ ਹੱਤਿਆ ਕਿਸੇ ਜਨੂੰਨੀ ਸਿਰ ਫਿਰੇ ਵਿਅਕਤੀ ਨੇ ਕੀਤੀ ਹੋਵੇ। ਸਿਨਸਿਨਾਤੀ ਗੁਰੂ ਘਰ ਦੇ ਪ੍ਰਧਾਨ ਜਸਮਿੰਦਰ ਸਿੰਘ ਨੇ ਦਸਿਆ ਕਿ ਮ੍ਰਿਤਕਾਂ ਨੂੰ



ਉਹ ਪਿਛਲੇ 11 ਸਾਲਾਂ ਤੋਂ ਜਾਣਦਾ ਸੀ। ਇਹ ਬਹੁਤ ਹੀ ਭਲਾ ਪਰਿਵਾਰ ਸੀ। ਇਹ ਬਹੁਤ ਦੁੱਖਦਾਈ ਘਟਨਾ ਹੈ। ਉਸ ਨੇ ਦਸਿਆ ਕਿ ਵੈਸਟ ਚੈਸਟਰ ਤੇ ਮੈਸਨ ਵਿਚ 500 ਪਰਿਵਾਰ ਰਲ ਮਿਲਕੇ ਰਹਿ ਰਹੇ ਹਨ। ਭਾਈਚਾਰੇ ਵਿਚ ਕਦੀ ਵੀ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਨਾ ਹੀ ਸਾਨੂੰ ਕਦੀ ਕੋਈ ਧਮਕੀ ਮਿਲੀ ਹੈ। ਪੁਲਿਸ ਨੇ ਅਜੇ ਤੱਕ ਮ੍ਰਿਤਕਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਹੈ। ਪੁਲਿਸ ਅਨੁਸਾਰ ਸਾਰਿਆਂ ਦੀ ਮੌਤ ਗੋਲੀਆਂ ਵੱਜਣ ਨਾਲ ਹੋਈ ਹੈ ਤੇ ਉਹ ਨਹੀਂ ਸਮਝਦੇ ਕਿ ਮ੍ਰਿਤਕਾਂ ਵਿਚ ਕੋਈ ਸ਼ੂਟਰ ਸ਼ਾਮਿਲ ਸੀ। ਹੱਤਿਆਰਾ ਕੋਈ ਬਾਹਰੋਂ ਆਇਆ ਵਿਅਕਤੀ ਵੀ ਹੋ ਸਕਦਾ ਹੈ। ਅਮਰੀਕਾ ਦੀਆਂ ਖੂਫੀਆ ਏਜੰਸੀਆਂ ਪੰਜਾਬੀ ਪਰਿਵਾਰ ਦੇ ਹੋਏ 4 ਜੀਆਂ ਦੇ ਕਤਲਾਂ ਦੇ ਕਾਰਣਾਂ ਨੂੰ ਗੰਭੀਰਤਾ ਨਾਲ ਖੰਗਾਲ ਰਹੀ ਹੈ। ਇਸ ਖਿਤੇ ਨਾਲ ਸਬੰਧਤ ਸਿੱਖ ਭਾਈਚਾਰੇ ਤੇ ਅਮਰੀਕਾ ਵਸਦੇ ਸਿੱਖਾਂ ਨੂੰ ਇਸ ਘਟਨਾਂ ਨੇ ਪ੍ਰਭਾਵਿਤ ਕੀਤਾ ਹੈ। ਏਜੰਸੀਆਂ ਨੇ ਤਫਦੀਸ਼ ਕਾਰਣ ਮਰਨ ਵਾਲਿਆਂ ਦੇ ਨਾਂ ਅਜੇ ਤੱਕ ਜਾਰੀ ਨਹੀਂ ਕੀਤੇ।

# ਭਾਈ ਕਰਮ ਸਿੰਘ ਲੰਗੜੋਆ ਸਾਰੰਗੀ ਮਾਸਟਰ ਚੱਲ ਵਸੇ!

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲ ਪੁਰ)**- ਸਵਰਗੀ ਗਿਆਨੀ ਦਇਆ ਸਿੰਘ ਦਿਲਬਰ ਨਵਾਂ ਸ਼ਹਿਰ ਵਾਲ਼ਿਆਂ ਦੇ ਢਾਡੀ ਜਥੇ ਨਾ਼ਲ ਪਚਵੰਜਾ ਸਾਲ ਸਾਰੰਗੀ 'ਤੇ ਸਾਥ ਦੇਣ ਵਾ਼ਲੇ ਪ੍ਰਸਿੱਧ ਸਾਰੰਗੀ ਵਾਦਕ ਭਾਈ ਕਰਮ ਸਿੰਘ ਲੰਗੜੋਆ ਅਕਾਲ ਚਲਾਣਾ ਕਰ ਗਏ। ਦਿਲਬਰ ਜੀ ਦੇ ਸਪੁੱਤਰ ਗਿਆਨੀ ਕੁਲਜੀਤ ਸਿੰਘ ਦਿਲਬਰ ਜੋ ਕਿ ਜਥੇ ਸਮੇਤ ਅਮਰੀਕਾ ਪਹੁੰਚੇ ਹੋਏ ਹਨ, ਨੇ ਭਰੇ ਮਨ ਨਾ਼ਲ ਦੱਸਿਆ ਕਿ ਪਿਤਾ ਜੀ ਦਿਲਬਰ ਸਾਹਿਬ ਦੇ ਅਸਲ ਜਥੇ ਦੇ ਮੈਂਬਰਾਂ ਵਿੱਚੋਂ ਇਹੋ ਭਾਈ ਲੰਗੜੋਆ ਹੀ ਜੀਵਿਤ ਸਨ। ਜੋ ਹੁਣ ਉਹ ਵੀ ਸਦੀਵੀ ਵਿਛੋੜਾ ਦੇ ਗਏ ਹਨ। ਕਈ ਵਰ੍ਹਿਆਂ ਤੋਂ ਭਾਈ ਲੰਗੜੋਆ ਅਮਰੀਕਾ ਦੇ ਨਿਊਜ਼ਰਸੀ ਸਟੇਟ ਵਿਚਲੇ ਕਾਰਟ੍ਰੇਟ ਸ਼ਹਿਰ ਵਿਖੇ ਆਪਣੇ ਪੁੱਤਰ ਦੇ ਪ੍ਰਵਾਰ ਨਾ਼ਲ



ਜੀਵਨ ਦੀਆਂ ਸ਼ਾਮਾਂ ਗੁਜ਼ਾਰ ਰਹੇ ਸਨ । 90 ਸਾਲ ਦੀ ਉਮਰ ਨੂੰ ਪਹੁੰਚੇ ਉਹ ਸਰੀਰਕ ਕਮਜ਼ੋਰੀ ਕਾਰਨ ਪਿਛਲੇ ਇਕ ਸਾਲ ਤੋਂ ਵੀਲ੍ਹ ਚੇਅਰ 'ਤੇ ਹੀ ਸਨ। ਸਾਰੰਗੀ ਵਾਦਨ ਦੀ ਕਲਾ ਵਿਚ ਉਹ ਇੰਨੇ ਨਿਪੁੰਨ ਸਨ ਕਿ ਤਮਾਮ ਢਾਡੀ ਭਾਈ ਲੰਗੜੋਆ ਦਾ ਲੋਹਾ ਮੰਨਦੇ ਸਨ! ਪ੍ਰਵਾਰਕ ਸੂਤਰਾਂ ਅਨੁਸਾਰ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ 4 ਮਈ ਦਿਨ ਸ਼ਨੀਵਾਰ ਨੂੰ Rosehill Crematory 792 East Edgar Road Linden NJ 07036 ਵਿਖੇ ਬਾਅਦ ਦੁਪਹਿਰ 12.30 ਵਜੇ ਕੀਤਾ ਜਾਵੇ ਗਾ। ਉਸ ਤੋਂ ਬਾਅਦ ਅੰਤਿਮ ਅਰਦਾਸ ਅਤੇ ਕੀਰਤਨ ਗੁਰਦੁਆਰਾ ਸਿੰਘ ਸਭਾ ਰੈਡਿੰਗ ਵਿਖੇ ਦੋ ਤੋਂ ਚਾਰ ਵਜੇ ਤੱਕ ਹੋਵੇਗਾ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ‘ਆਪ’ ਦੇ ਵਿਧਾਇਕਾਂ ਨੂੰ ਪੈਸੇ ਦੇ ਕੇ ਖ਼ਰੀਦਣ ਦੀ ਚੋਣ ਕਮਿਸ਼ਨ ਕੋਲ ਸ਼ਿਕਾਇਤ

**ਅੰਮ੍ਰਿਤਸਰ–** ਆਮ ਆਦਮੀ ਪਾਰਟੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਕਰੇਗੀ ਕਿ ਸੂਬੇ ਦੀ ਸੱਤਾਧਾਰੀ ਧਿਰ ਵਲੋਂ ਸੰਸਦੀ ਚੋਣਾਂ ਦੌਰਾਨ ’ਆਪ’ ਦੇ ਵਿਧਾਇਕਾਂ ਦੀ ਖ਼ਰੀਦੋ-ਫ਼ਰੋਖਤ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਖ਼ੁਲਾਸਾ ਆਮ ਆਦਮੀ ਪਾਰਟੀ ਦੇ ਸੂਬਾ ਕਨਵੀਨਰ ਭਗਵੰਤ ਮਾਨ ਨੇ ਕੀਤਾ।

ਉਹ ਇੱਥੇ ’ਆਪ’ ਦੇ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੇ ਨਾਮਜ਼ਦਗੀ ਪੱਤਰ ਦਾਖ਼ਲ ਕਰਾਉਣ ਲਈ ਪੁੱਜੇ ਸਨ। ਨਾਮਜ਼ਦਗੀ ਪੱਤਰ ਦਾਖ਼ਲ ਕਰਾਉਣ ਦੀ ਪ੍ਰਕਿਰਿਆ ਮੁਕੰਮਲ ਕਰਨ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਸ੍ਰੀ ਮਾਨ ਨੇ ਦਾਅਵਾ ਕੀਤਾ ਕਿ ਕਾਂਗਰਸ ਨੇ ਉਨ੍ਹਾਂ ਦੇ ਦੋ ਵਿਧਾਇਕਾਂ ਨੂੰ ਪੈਸੇ ਦਾ ਲਾਲਚ ਦੇ ਕੇ ਖ਼ਰੀਦਣ ਦਾ ਯਤਨ ਕੀਤਾ ਹੈ। ਇਸ ਸਬੰਧ ਵਿਚ ਆਪ ਵਲੋਂ ਜਲਦੀ ਹੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਦੀ ਕਾਂਗਰਸ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿਚ ਫੇਲ੍ਹ ਸਾਬਤ ਹੋਈ ਹੈ। ਹੁਣ ਜਦੋਂ ਕਾਂਗਰਸੀ ਉਮੀਦਵਾਰ ਵੋਟਾਂ ਮੰਗਣ ਲਈ ਲੋਕਾਂ ਕੋਲ ਜਾ ਰਹੇ ਹਨ ਤਾਂ ਨੌਜਵਾਨ ਉਨ੍ਹਾਂ ਕੋਲੋਂ ਨੌਕਰੀਆਂ ਤੇ ਬੇਰੁਜ਼ਗਾਰੀ ਭੱਤੇ ਬਾਰੇ ਪੁੱਛ ਰਹੇ ਹਨ। ਨਸ਼ੇ ਖ਼ਤਮ ਕਰਨ ਦਾ ਵਾਅਦਾ ਵੀ ਪੂਰਾ ਨਹੀਂ ਹੋਇਆ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ ਇਹ ਸਵਾਲ ਪੁੱਛਣ ਵਾਲੇ ਨੌਜਵਾਨਾਂ ਖ਼ਿਲਾਫ਼ ਕੇਸ ਦਰਜ ਕਰਵਾ ਦਿੱਤਾ ਹੈ। ਇਸ ਮੌਕੇ ਉਨ੍ਹਾਂ ਦਾਅਵਾ ਕੀਤਾ ਕਿ ਬੇਅਦਬੀ ਤੇ ਬਰਗਾੜੀ ਮੁੱਦੇ ਕਾਰਨ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲਾਂ ਹੀ ਤਿਆਗ ਚੁੱਕੇ ਹਨ।

ਅਜਿਹੀ ਸਥਿਤੀ ਵਿਚ ਲੋਕਾਂ ਕੋਲ ਸਿਰਫ਼ ’ਆਪ’ ਹੀ ਇਕ ਚੰਗੀ ਸਿਆਸੀ ਪਾਰਟੀ ਵਜੋਂ ਰਹਿ ਗਈ ਹੈ। ਸ੍ਰੀ ਧਾਲੀਵਾਲ ਆਪਣੇ ਨਾਮਜ਼ਦਗੀ ਪੱਤਰ ਦਾ ਇਕ ਸੈੱਟ ਪਹਿਲਾਂ ਵੀ ਚੋਣ ਅਧਿਕਾਰੀ ਕੋਲ ਦਾਖ਼ਲ ਕਰਵਾ ਚੁੱਕੇ ਹਨ।

## ਖਹਿਰਾ ਅਤੇ ਮਾਸਟਰ ਵੱਲੋਂ ਲੋਕ ਸਭਾ ਚੋਣ ਲੜਨ ’ਤੇ ਸਵਾਲ ਖੜ੍ਹੇ ਹੋਏ

**ਚੰਡੀਗੜ੍ਹ–** ਆਮ ਆਦਮੀ ਪਾਰਟੀ (ਆਪ) ਦੇ ਬਾਗੀ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਵੱਲੋਂ ਬਠਿੰਡਾ ਅਤੇ ਮਾਸਟਰ ਬਲਦੇਵ ਸਿੰਘ ਵੱਲੋਂ ਫਰੀਦਕੋਟ ਤੋਂ ਲੋਕ ਸਭਾ ਚੋਣ ਲੜਨ ਦੇ ਮੁੱਦੇ ’ਤੇ ਕਈ ਸਵਾਲ ਖੜ੍ਹੇ ਹੋ ਗਏ ਹਨ। ਜਲੰਧਰ ਦੇ ਵਸਨੀਕ ਸਿਮਰਨਜੀਤ ਸਿੰਘ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕਰਕੇ ਕਿਹਾ ਹੈ ਕਿ ਖਹਿਰਾ ਤੇ ਮਾਸਟਰ ਬਲਦੇਵ ’ਆਪ’ ਦੇ ਵਿਧਾਇਕ ਹੋਣ ਕਰਕੇ ਪੰਜਾਬ ਏਕਤਾ





ਪਾਰਟੀ ਵੱਲੋਂ ਲੋਕ ਸਭਾ ਦੀ ਚੋਣ ਨਹੀਂ ਲੜ ਸਕਦੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਦੋਹਾਂ ਵਿਰੁੱਧ ਦਲਬਦਲੀ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਵੇ।

ਆਪਣੀ ਸ਼ਿਕਾਇਤ ਵਿਚ ਉਨ੍ਹਾਂ ਕਿਹਾ ਹੈ ਕਿ ਭਾਵੇਂ ਸ੍ਰੀ ਖਹਿਰਾ ਨੇ ਕੁਝ ਦਿਨ ਪਹਿਲਾਂ ਵਿਧਾਇਕੀ ਤੋਂ ਅਸਤੀਫ਼ਾ ਦੇ ਦਿੱਤਾ ਹੈ ਪਰ ਉਹ ਨਿਰਧਾਰਤ ਇਬਾਰਤ ਤਹਿਤ ਨਹੀਂ ਦਿੱਤਾ ਗਿਆ ਹੈ ਅਤੇ ਨਾ ਹੀ ਉਨ੍ਹਾਂ ਦਾ ਅਸਤੀਫ਼ਾ ਅਜੇ ਸਪੀਕਰ ਨੇ ਮਨਜ਼ੂਰ ਕੀਤਾ ਹੈ। ਸਿਮਰਨਜੀਤ ਸਿੰਘ ਨੇ ਕਿਹਾ ਕਿ ਦਲਬਦਲੀ ਕਾਨੂੰਨ ਤਹਿਤ ਚੋਣ ਕਮਿਸ਼ਨ ਨੂੰ ਸ੍ਰੀ ਖਹਿਰਾ ਤੇ ਮਾਸਟਰ ਬਲਦੇਵ ਦੇ ਕਾਗਜ਼ ਰੱਦ ਕਰਨੇ ਚਾਹੀਦੇ ਹਨ ਅਤੇ ਜੇ ਕਮਿਸ਼ਨ ਨੇ ਕਾਗਜ਼ ਰੱਦ ਨਾ ਕੀਤੇ ਤਾਂ ਉਹ ਹਾਈ ਕੋਰਟ ਦਾ ਕੁੰਡਾ ਖੜਕਾਉਣਗੇ। ਉਧਰ ਸੁਖਪਾਲ ਖਹਿਰਾ ਨੇ ਕਿਹਾ ਕਿ ਇਸ ਮਾਮਲੇ ਵਿਚ ਦਲਬਦਲੂ ਕਾਨੂੰਨ ਲਾਗੂ ਨਹੀਂ ਹੁੰਦਾ ਹੈ।

## ਬਸਪਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਾਂਗਰਸ: ਮਾਇਆਵਤੀ

**ਲਖਨਊ–** ਬਸਪਾ ਸੁਪਰੀਮੋ ਮਾਇਆਵਤੀ ਨੇ ਕਾਂਗਰਸ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਮਾਮਲੇ ’ਚ ਕਾਂਗਰਸ ਭਾਜਪਾ ਤੋਂ ਘੱਟ ਨਹੀਂ ਹੈ। ਮਾਇਆਵਤੀ ਨੇ ਇੱਥੇ ਇਕ ਬਿਆਨ ਵਿਚ ਕਿਹਾ ਕਿ ਮੱਧ ਪ੍ਰਦੇਸ਼ ਦੀ ਗੁਨਾ ਲੋਕ ਸਭਾ ਸੀਟ ’ਤੇ ਬਸਪਾ ਦੇ ਉਮੀਦਵਾਰ ਨੂੰ ਕਾਂਗਰਸ ਪਾਰਟੀ ਨੇ ਡਰਾ-ਧਮਕਾ ਕੇ ਬਿਠਾ ਦਿੱਤਾ, ਪਰ ਬਸਪਾ ਇੱਥੇ ਆਪਣੇ ਚੋਣ ਚਿੰਨ੍ਹ ’ਤੇ ਹੀ ਲੜ ਕੇ ਇਸ ਦਾ ਜਵਾਬ ਦੇਵੇਗੀ ਤੇ ਹੁਣ ਕਾਂਗਰਸ ਸਰਕਾਰ ਨੂੰ ਆਪਣਾ ਸਮਰਥਨ ਜਾਰੀ ਰੱਖਣ ’ਤੇ ਵੀ ਮੁੜ ਵਿਚਾਰ ਕਰੇਗੀ। ਉਨ੍ਹਾਂ ਕਿਹਾ ਕਿ ਐਨਾ ਹੀ ਨਹੀਂ, ਮੱਧ ਪ੍ਰਦੇਸ਼ ਤੋਂ ਪ੍ਰਾਪਤ ਖ਼ਬਰਾਂ ਮੁਤਾਬਕ ਕਾਂਗਰਸ ਉੱਥੇ ਭਾਜਪਾ ਨਾਲ ਘੱਟ ਤੇ ਬਸਪਾ ਨਾਲ ਜ਼ਿਆਦਾ ਲੜ ਰਹੀ ਹੈ। ਬਸਪਾ ਸੁਪਰੀਮੋ ਨੇ ਕਿਹਾ ਕਿ ਕਾਂਗਰਸ ਇਸ ਤਰ੍ਹਾਂ ਭਾਜਪਾ ’ਤੇ ਤਾਂ ਕਾਫ਼ੀ ਮਿਹਰਬਾਨ ਜਾਪਦੀ ਹੈ ਪਰ ਬਸਪਾ ਦੇ ਲੋਕਾਂ ’ਤੇ ਫ਼ਰਜ਼ੀ



ਮੁਕੱਦਮੇ ਆਦਿ ਦਰਜ ਕਰਵਾਉਣ ਤੋਂ ਇਲਾਵਾ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਡਰਾ-ਧਮਕਾ ਕੇ ਤੇ ਲਾਲਚ ਦੇ ਕੇ ਤੋੜ ਕੇ ਬਸਪਾ ਨੂੰ ਕਮਜ਼ੋਰ ਕਰਨ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕਾਂਗਰਸ ਦਾ ਦੋਗਲਾ ਚਿਹਰਾ ਹੈ। ਮਾਇਆਵਤੀ ਨੇ ਕਿਹਾ ਕਿ ਕਾਂਗਰਸ ਇਹ ਸਾਜ਼ਿਸ਼ ਉਸ ਵੇਲੇ ਕਰ ਰਹੀ ਹੈ ਜਦ ਬਸਪਾ ਨੇ ਭਾਜਪਾ ਖ਼ਿਲਾਫ਼, ਕਾਂਗਰਸ ਨੂੰ ਇੱਥੋਂ ਬਾਹਰ ਤੋਂ ਆਪਣਾ ਸਮਰਥਨ ਦੇ ਦਿੱਤਾ ਹੈ। ਮਾਇਆਵਤੀ ਨੇ ਕਿਹਾ ਕਿ ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਕਾਂਗਰਸ ਪੁਰਾਣਾ ਰਵੱਈਆ ਛੱਡਣ ਲਈ ਤਿਆਰ ਨਹੀਂ।

## ਕਾਂਗਰਸੀ ਉਮੀਦਵਾਰ ਡਾ. ਰਾਜਕੁਮਾਰ ਚੱਬੇਵਾਲ ਨੇ ਫਗਵਾੜਾ ਦੇ ਪਿੰਡਾਂ ’ਚ ਕੀਤੇ ਤੂਫਾਨੀ ਦੌਰੇ

**ਫਗਵਾੜਾ (ਬੀ.ਕੇ.ਰੱਤੂ)–** ਹਲਕਾ ਲੋਕਸਭਾ ਹੁਸ਼ਿਆਰਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾ. ਰਾਜਕੁਮਾਰ ਚੱਬੇਵਾਲ ਨੇ ਅੱਜ ਫਗਵਾੜਾ ਦੇ ਵੱਖ ਵੱਖ ਪਿੰਡਾਂ ਵਿਚ ਤੁਫਾਨੀ ਦੌਰੇ ਕਰਕੇ ਵੋਟਰਾਂ ਨਾਲ ਸਿੱਧਾ ਰਾਬਤਾ ਕੀਤਾ। ਉਹਨਾਂ ਦੇ ਨਾਲ ਸਾਬਕਾ ਮੰਤਰੀ ਅਤੇ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ਼ ਜੋਗਿੰਦਰ ਸਿੰਘ ਮਾਨ, ਜਿਲਾ ਕਪੂਰਥਲਾ ਕਾਂਗਰਸ ਪ੍ਰਧਾਨ ਬਲਵੀਰ ਰਾਣੀ ਸੋਢੀ ਤੋਂ ਇਲਾਵਾ ਸੂਬਾ ਕਾਂਗਰਸ ਸਕੱਤਰ ਅਵਤਾਰ ਸਿੰਘ ਪੰਡਵਾ, ਸ਼ਹਿਰੀ ਪ੍ਰਧਾਨ ਸੰਜੀਵ ਬੁੱਗਾ ਕੌਂਸਲਰ, ਬਲਾਕ ਦਿਹਾਤੀ ਕਾਂਗਰਸ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ, ਸੀਨੀਅਰ ਆਗੂ ਸਤਬੀਰ ਸਿੰਘ ਸਾਬੀ ਵਾਲੀਆ ਆਦਿ ਵੀ ਉਚੇਰੇ ਤੌਰ ਤੇ ਮੌਜੂਦ ਸਨ। ਇਸ ਦੌਰਾਨ ਪਿੰਡ ਰਿਹਾਣਾ ਜੱਟਾਂ ਵਿਖੇ ਭਰਵੀਂ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ.



ਚੱਬੇਵਾਲ ਨੇ ਕਿਹਾ ਕਿ ਮੈਂਬਰ ਪਾਰਲੀਮੈਂਟ ਦੇ ਰੂਪ ਵਿਚ ਹਲਕੇ ਦਾ ਸਮੁੱਚਾ ਵਿਕਾਸ ਕਰਵਾਉਣ ਵਿਚ ਕੋਈ ਕਸਰ ਨਹੀਂ ਛੱਡਣਗੇ ਅਤੇ ਲੋਕ ਮਸਲਿਆਂ ਨੂੰ ਮਜਬੂਤੀ ਨਾਲ ਦੇਸ਼ ਦੀ ਸੰਸਦ ਵਿਚ ਰੱਖਣਗੇ। ਜੋਗਿੰਦਰ ਸਿੰਘ ਮਾਨ ਅਤੇ ਰਾਣੀ ਸੋਢੀ ਸਮੇਤ ਵੱਖ ਵੱਖ ਆਗੂਆਂ ਨੇ ਆਪੋ ਆਪਣੇ ਸੰਬੋਧਨ ਵਿਚ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਡਾ. ਰਾਜਕੁਮਾਰ ਚੱਬੇਵਾਲ ਨੂੰ ਭਾਰੀ ਵੋਟਾਂ ਨਾਲ ਫਗਵਾੜਾ ਹਲਕੇ ਤੋਂ ਲੀਡ ਦੁਆ ਕੇ ਉਹਨਾਂ ਦੀ ਜਿੱਤ ਵਿਚ ਅਹਿਮ ਯੋਗਦਾਨ ਪਾਇਆ ਜਾਵੇ। ਇਸ ਮੌਕੇ ਜਿਲ੍ਹਾ ਪਰਿਸ਼ਦ ਮੈਂਬਰ ਮੀਨਾ ਰਾਣੀ ਭਬਿਆਣਾ, ਨਿਸ਼ਾ ਰਾਣੀ ਖੇੜਾ, ਵਿੱਕੀ ਰਾਣੀਪੁਰ, ਬਿੱਲਾ ਬੋਹਾਨੀ, ਬੋਬੀ ਵੋਹਰਾ, ਜਗਜੀਵਨ ਲਾਲ ਸਰਪੰਚ ਖਲਵਾੜਾ ਕਲੋਨੀ, ਨਵਜਿੰਦਰ ਸਿੰਘ ਬਾਹੀਆ, ਬੂਟਾ ਸਿੰਘ, ਗੁਰਦੇਵ ਸਿੰਘ, ਦੇਸਰਾਜ ਝਮਟ ਸਰਪੰਚ ਬਘਾਣਾ, ਬਲਵਿੰਦਰ ਸਿੰਘ ਬਿੰਦਾ ਸਰਪੰਚ ਮੀਰਾਂਪੁਰ, ਰਾਜਾ ਸਰਪੰਚ ਟਾਂਡਾ ਬਘਾਣਾ, ਹਰਸਰੂਪ ਸਿੰਘ ਰਿਹਾਣਾ ਜੱਟਾਂ, ਸਾਬਕਾ ਸਰਪੰਚ ਹਰਜੀਤ ਸਿੰਘ, ਬਾਬਾ ਹਰਦੀਪ ਸਿੰਘ, ਹਰਬੰਸ ਲਾਲ ਬਘਾਣਾ, ਸੁਖਵਿੰਦਰ ਸਿੰਘ, ਬਲਿਹਾਰ ਸਿੰਘ, ਬਹਾਦਰ ਸਿੰਘ, ਮਨਜੀਤ ਸਿੰਘ ਆਦਿ ਹਾਜਰ ਸਨ।




Non Profit

# SACRAMENTO PCS

(USA)

Since 1990

Presents

## ੩੦ਵਾਂ ਸੱਭਿਆਚਾਰਕ ਮੇਲਾ

# Cultural Fair






**Featuring : Songs, Gidha & Bhangra, Dances, Skits and Much More**

Celebration On

## Saturday 18th May 2019

at 3:00 P.M.

## Performing Art Centre

# Sheldon High School

**8333 Kingsbridge Drive, Sacramento CA 95829**

Spcl. Appearance

**Bhangra & Gidda**

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੀਹਲ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਡੌਂਡ, ਹਰਜਿੰਦਰ ਪੰਧੇਰ, ਮਨੋਹਰ ਲਾਲ ਰੱਤੀ, ਭੀਲੀ ਸਿੰਘ, ਯਾਦਵਿੰਦਰ ਗਿੱਲ, ਬਲਦੇਵ ਗਰੇਵਾਲ, ਗੁਰਮਿੰਦਰ ਗੁਰੀ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ (ਰੋਹਿਤ), ਇੰਡੀਆ ਹਾਊਸ ਆਫ਼ ਗਰੌਸਰੀ, ਪੰਜਾਬੀ ਬਜ਼ਾਰ (ਗੁਰਮਿੰਦਰ ਗੁਰੀ), ਸਟਾਰ ਆਫ ਇੰਡੀਆ, ਬੱਗਾ ਜਿਊਲਰਜ਼ (ਜੌਨੀ), ਗੁਰਨੇਕ ਸਿੰਘ ਫੈਟਡੱਕ ਪੀਜ਼ਾ), ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਜਸਵੀਰ ਸਿੰਘ ਰਾਣਾ (Seven-Elevan) ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ, ਸਮੋਸਾ ਗਾਰਡਨ।

For More Information Please Contact : Participation: Rashpal Pharwala (916) 880-0531, Stalls: Tirath Sahota (916) 271-8382, Amrik Parhar (916) 502-0064, Host by: Jaswant S. Shad (209) 992-7185

# ADMISSION FREE

Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

punjabiculturalsociety

*This organization is committed to preserving and promoting the rich culture of Punjab. Our main goal is to inspire children brought up in the west to learn about their ancestral culture and values.*

# ਸ.ਤੀਰਥ ਸਿੰਘ ਸੋਹਲ ਨੇ ਆਪਣੇ ਘਰ-ਪਰਿਵਾਰ ਦੀ ਖੁਸ਼ਹਾਲੀ ਲਈ ਅਖੰਡ ਪਾਠ ਸਾਹਿਬ ਕਰਵਾਏ










ਤਸਵੀਰਾਂ 'ਦੇਸ਼ ਦੁਆਬਾ'





# ਸ.ਤੀਰਥ ਸਿੰਘ ਸੋਹਲ ਨੇ ਆਪਣੇ ਘਰ-ਪਰਿਵਾਰ ਦੀ ਖੁਸ਼ਹਾਲੀ ਲਈ ਅਖੰਡ ਪਾਠ ਸਾਹਿਬ ਕਰਵਾਏ









**ਕੋਰਨਿੰਗ-** ਪੰਜਾਬੀ ਭਾਈਚਾਰੇ ਦੇ ਮੰਨੇ-ਪ੍ਰਮੰਨੇ ਸਿੱਖ ਪਰਿਵਾਰ ਨਾਲ ਸਬੰਧਤ ਅਤੇ ਉਘੇ ਬਿਜਨਸਮੈਨ, ਨਾਮਵਰ ਸ਼ਖਸੀਅਤ ਸ. ਤੀਰਥ ਸਿੰਘ ਸੋਹਲ ਅਤੇ ਉਹਨਾਂ ਦੀ ਧਰਮ ਪਤਨੀ ਪਰਮਜੀਤ ਕੌਰ ਸੋਹਲ ਆਪਣੇ ਪਰਿਵਾਰ-ਪਰਿਵਾਰ ਅਤੇ ਵਿਉਪਾਰ ਦੀ ਖੁਸ਼ਹਾਲੀ ਲਈ ਵਾਹਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਦੋ ਸ੍ਰੀ ਅਖੰਡ ਪਾਠ ਸਾਹਿਬ 26 ਅਪ੍ਰੈਲ ਨੂੰ ਕੋਰਨਿੰਗ ਸ਼ਹਿਰ ਵਿਚ ਆਪਣੇ ਗ੍ਰਹਿ ਵਿਖੇ ਰਖਵਾਏ ਗਏ ਅਤੇ 28 ਅਪ੍ਰੈਲ ਦਿਨ ਐਤਵਾਰ ਨੂੰ ਅਖੰਡ ਪਾਠਾਂ ਦੇ ਭੋਗ ਪਾਏ ਗਏ। ਇਸ ਉਪਰੰਤ ਵੱਖ-ਵੱਖ ਰਾਗੀ ਜਥਿਆਂ, ਭਾਈ ਅਮਰਜੀਤ ਸਿੰਘ ਦਾ ਜਥਾ, ਭਾਈ ਜੁਝਾਰ ਸਿੰਘ ਦਾ ਜਥਾ, ਭਾਈ ਮਨਜੀਤ ਸਿੰਘ ਦਾ ਜਥਾ ਆਦਿ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਸਿੱਖ ਸੈਂਟਰ ਰੈਡਿੰਗ (ਕੈਲੇਫੋਰਨੀਆ) ਦੇ ਪ੍ਰਧਾਨ ਗੁਰਮੇਲ ਸਿੰਘ ਨੇ ਵੀ ਸੋਹਲ ਪਰਿਵਾਰ ਨੂੰ ਵਧਾਈ ਦਿੰਦਿਆਂ ਸਮੂਹ ਸੰਗਤ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ।

ਸੋਹਲ ਪਰਿਵਾਰ ਵੱਲੋਂ ਨਿਮਰਤਾ ਸਹਿਤ ਸੱਦੇ ਤੇ ਇਲਾਕਾ ਨਿਵਾਸੀ ਭਾਈਚਾਰੇ ਤੋਂ ਇਲਾਵਾ ਦੂਰੋਂ-ਨੇੜਿਉਂ ਪਰਿਵਾਰਾਂ ਨੇ ਹਾਜ਼ਰੀਆਂ ਭਰ ਕੇ ਸੋਹਲ ਪਰਿਵਾਰ ਨੂੰ ਵਧਾਈ ਦਿੱਤੀ, ਜਿਹਨਾਂ ਇਸ ਮੌਕੇ ਇਕ-ਦੂਜੇ ਨੂੰ ਮਿਲਣ ਦਾ ਅਵਸਰ ਵੀ ਦਿੱਤਾ। ਸਾਬਕਾ ਮੇਅਰ ਹਰਦੀਪ ਸਿੰਘ ਅਤੇ ਉਹਨਾਂ ਦਾ ਪਰਿਵਾਰ, ਸ. ਹਰਦਿਆਲ ਸਿੰਘ ਖਿਆੜਾ ਦਾ ਪਰਿਵਾਰ, ਗੁਰਦੀਪ ਸਿੰਘ ਸ਼ਾਹੀ ਦਾ ਪਰਿਵਾਰ (ਕੌਰਨਿੰਗ), ਰੰਧਾਵਾ ਪਰਿਵਾਰ (ਯੂਬਾ ਸਿਟੀ), ਚੱਠਾ ਪਰਿਵਾਰ (ਕੌਰਨਿੰਗ), ਗੁਰਵਿੰਦਰ ਸਿੰਘ ਸਮਰਾ ਪਰਿਵਾਰ (ਮਡੈਸਟੋ), ਅਦਾਰਾ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਉਹਨਾਂ ਦੀ ਧਰਮ ਪਤਨੀ ਨਰਿੰਦਰ ਚੁੰਬਰ ਆਦਿ ਨੇ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੁੰਦਿਆਂ ਸੋਹਲ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਕਾਰੋਬਾਰ ਵਿਚ ਵਾਧੇ ਅਤੇ ਘਰ-ਪਰਿਵਾਰ ਦੀ ਖੁਸ਼ਹਾਲੀ ਲਈ ਅਰਦਾਸ ਕੀਤੀ।

ਇਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸ. ਤੀਰਥ ਸਿੰਘ ਸੋਹਲ ਨੇ ਸਮੂਹ ਪਰਿਵਾਰ ਵੱਲੋਂ ਆਈਆਂ ਸਾਰੀਆਂ ਸੰਗਤਾਂ ਦਾ ਦਿਲੀ ਹਾਰਦਿਕ ਧੰਨਵਾਦ ਕੀਤਾ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021
Across the Street from TA Truck Stop



# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# TANDOOR
Indian Restaurant

27167 Mission Blvd. Hayward, CA 95544







ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM

# ਲਾਰੇ-ਲੱਪੇ ਦੇਸ਼ ਦਾ ਰੂਪ ਬਦਲ ਨਹੀਂ ਸਕਦੇ

ਅੰਗ-ਸੰਗ



ਸ਼ਾਮ ਸਿੰਘ
98141-13338

**ਪਹਿਲਾਂ ਕਿਸੇ ਵੱਡੇ ਨੇਤਾ ਦੇ ਨਾਂਅ ਦੀ ਲਹਿਰ ਹੁੰਦੀ ਸੀ, ਜਿਸ ਕਰਕੇ ਦੇਸ਼ ਦੇ ਲੋਕ ਭਾਵੁਕ ਹੋ ਕੇ ਉਸ ਮਗਰ ਤੁਰ ਪੈਂਦੇ ਸਨ ਤਾਂ ਕਿ ਦੇਸ਼ ਨੂੰ ਵਿਕਾਸ ਦੇ ਰਾਹ ਪੈਂਦਾ ਦੇਖਿਆ ਜਾ ਸਕੇ। ਨੇਤਾ ਲੋਕਾਂ ਦਾ ਵਿਸ਼ਵਾਸ ਪਹਿਲਾਂ-ਪਹਿਲ ਲੋਕਾਂ ਦੇ ਨਾਲ ਤੁਰਦਾ ਰਿਹਾ, ਪਰ ਕਦੇ-ਕਦੇ ਉਨ੍ਹਾਂ ਨੂੰ ਦੁਸ਼ਵਾਰੀਆਂ ਵੀ ਸਹਿਣੀਆਂ ਪਈਆਂ। ਇਸ ਵਾਰ (2019) ਦੀਆਂ ਆਮ ਚੋਣਾਂ ਵਿੱਚ ਨਾ ਕਿਸੇ ਸਿਆਸੀ ਪਾਰਟੀ ਦੀ ਲਹਿਰ ਹੈ ਅਤੇ ਨਾ ਹੀ ਮੁੱਦੇ ਦੀ, ਨੇਤਾਵਾਂ ਦੇ ਬਿਆਨ ਵੀ ਫਟੇ ਪੁਰਾਣੇ, ਹਲਕੀ ਭਾਸ਼ਾ ਵਾਲੇ ਅਤੇ ਦੋਸ਼ਾਂ ਨਾਲ ਭਰੇ ਹੁੰਦੇ ਹਨ, ਜਿਨ੍ਹਾਂ ਦਾ ਕੋਈ ਅਸਰ ਵੀ ਨਹੀਂ ਹੁੰਦਾ ਅਤੇ ਇਹੋ ਜਿਹੇ ਬਿਆਨ ਦੇਸ਼ ਦੇ ਲੋਕਾਂ ਨੂੰ ਚੰਗੇ ਵੀ ਨਹੀਂ ਲੱਗਦੇ।**

ਜਦ ਤੋਂ ਦੇਸ਼ ਦੇ ਨੇਤਾਵਾਂ ਨੇ ਲੋਕਤੰਤਰ ਵਿੱਚ ਯਕੀਨ ਰੱਖਣ ਵਾਲੇ ਭੋਲੇ-ਭਾਲੇ ਲੋਕਾਂ ਨੂੰ ਲਾਰੇ-ਲੱਪਿਆਂ 'ਤੇ ਵਿਸ਼ਵਾਸ ਕਰਨ ਲਈ ਪ੍ਰੇਰਨ ਦਾ ਧੰਦਾ ਸ਼ੁਰੂ ਕੀਤਾ ਹੈ, ਦੇਸ਼ ਖੜੋਤ ਦਾ ਸ਼ਿਕਾਰ ਹੋ ਕੇ ਰਹਿ ਗਿਆ ਅਤੇ ਲੋਕ ਨਿਰਾਸ਼ ਹੋ ਕੇ ਰਹਿ ਗਏ। ਇਸ ਲਈ ਕਿ ਲਾਰੇ-ਲੱਪੇ ਗੁਬਾਰੇ ਵਾਂਗ ਹੁੰਦੇ ਹਨ ਕਿ ਭਰੇ-ਭਰਾਏ 'ਚੋਂ ਹਵਾ ਨਿਕਲੀ ਤਾਂ ਔਹ ਦੇ ਔਹ ਗਏ ਅਤੇ ਸਭ ਕੁਝ ਬੇਕਾਰ ਦਾ ਬੇਕਾਰ।

ਹੁਣ ਲਾਰੇ-ਲੱਪਿਆਂ ਦਾ ਨਾਂਅ ਬਦਲ ਕੇ ਜੁਮਲੇ ਹੋ ਗਿਆ। ਲੋਕਾਂ ਨੂੰ ਜੁਮਲਿਆਂ ਵਿੱਚੋਂ ਕੀ ਲੱਭਣਾ ਸੀ, ਕੁਝ ਨਹੀਂ ਲੱਭਿਆ। ਜੁਮਲਿਆਂ ਨੇ ਕੇਰਾਂ ਤਾਂ ਲੋਕਾਂ ਨੂੰ ਅੱਡੀਆਂ ਭਾਰ ਕਰ ਕੇ ਏਨੀ ਲੰਮੀ ਇੰਤਜ਼ਾਰ ਵਿੱਚ ਪਾਇਆ ਕਿ ਪਤਾ ਹੀ ਨਹੀਂ ਲੱਗਾ ਕਿ ਪੰਜ ਸਾਲ ਬੀਤ ਗਏ। ਨੇਤਾਵਾਂ ਦੇ ਇਨ੍ਹਾਂ ਜੁਮਲਿਆਂ ਕਾਰਨ ਲੋਕ ਹੀ ਜੁਮਲੇ ਬਣ ਗਏ।

ਹੁਣ ਫੇਰ ਚੋਣਾਂ ਦਾ ਮਾਹੌਲ ਹੈ, ਜਿਸ ਕਾਰਨ ਲਾਰੇ-ਲੱਪੇ ਲਾਉਣ ਦਾ ਵਕਤ ਫੇਰ ਆ ਗਿਆ, ਜੋ ਕਦੇ ਅਤੇ ਕਿਸੇ ਤਰ੍ਹਾਂ ਵੀ ਦੇਸ਼ ਦਾ ਰੂਪ ਨਹੀਂ ਬਦਲ ਸਕਦੇ। ਸਿਆਸੀ ਪਾਰਟੀਆਂ ਸ਼ੋਰ ਮਚਾ ਰਹੀਆਂ ਹਨ ਜਾਂ ਫੇਰ ਆਪਣੇ ਘਿਨਾਉਣੇ ਜਿਹੇ ਬਿਆਨਾਂ ਦੇ ਛੁਣਛੁਣੇ ਵਜਾ ਰਹੀਆਂ ਹਨ, ਜਿਨ੍ਹਾਂ 'ਚ ਠੋਸ ਤਾਂ ਕੁਝ ਵੀ ਨਹੀਂ।

ਲਾਰੇ-ਲੱਪਿਆਂ ਦੇ ਸ਼ੋਰ ਵਿੱਚ ਕਿਸੇ ਵੀ ਪਾਰਟੀ ਦੇ ਕਿਸੇ ਵੀ ਨੇਤਾ ਉੱਪਰ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ, ਕਿਉਂਕਿ ਲਾਰੇ-ਲੱਪਿਆਂ ਨਾਲ ਦੇਸ਼ ਦੇ ਚਿਹਰੇ ਨੂੰ ਨਿਖਾਰਿਆ ਨਹੀਂ ਜਾ ਸਕਦਾ। ਲਾਰੇ-ਲੱਪਿਆਂ ਦਾ ਸੰਤਾਪ ਜਨਤਾ ਨੇ ਪਹਿਲਾਂ ਹੀ ਬਥੇਰਾ ਭੋਗ ਲਿਆ, ਜਿਸ ਵਿੱਚੋਂ ਕਿਸੇ ਨੂੰ ਕੁਝ ਵੀ ਨਹੀਂ ਮਿਲਿਆ।

ਪਹਿਲਾਂ ਕਿਸੇ ਵੱਡੇ ਨੇਤਾ ਦੇ ਨਾਂਅ ਦੀ ਲਹਿਰ ਹੁੰਦੀ ਸੀ, ਜਿਸ ਕਰਕੇ ਦੇਸ਼ ਦੇ ਲੋਕ ਭਾਵੁਕ ਹੋ ਕੇ ਉਸ ਮਗਰ ਤੁਰ ਪੈਂਦੇ ਸਨ ਤਾਂ ਕਿ ਦੇਸ਼ ਨੂੰ ਵਿਕਾਸ ਦੇ ਰਾਹ ਪੈਂਦਾ ਦੇਖਿਆ ਜਾ ਸਕੇ। ਨੇਤਾ ਲੋਕਾਂ ਦਾ ਵਿਸ਼ਵਾਸ ਪਹਿਲਾਂ-ਪਹਿਲ ਲੋਕਾਂ ਦੇ ਨਾਲ ਤੁਰਦਾ ਰਿਹਾ, ਪਰ ਕਦੇ-ਕਦੇ ਉਨ੍ਹਾਂ ਨੂੰ ਦੁਸ਼ਵਾਰੀਆਂ ਵੀ ਸਹਿਣੀਆਂ ਪਈਆਂ।

ਇਸ ਵਾਰ (2019) ਦੀਆਂ ਆਮ ਚੋਣਾਂ ਵਿੱਚ ਨਾ ਕਿਸੇ ਸਿਆਸੀ ਪਾਰਟੀ ਦੀ ਲਹਿਰ ਹੈ ਅਤੇ ਨਾ ਹੀ ਮੁੱਦੇ ਦੀ, ਨੇਤਾਵਾਂ ਦੇ ਬਿਆਨ ਵੀ ਫਟੇ ਪੁਰਾਣੇ, ਹਲਕੀ ਭਾਸ਼ਾ ਵਾਲੇ ਅਤੇ ਦੋਸ਼ਾਂ ਨਾਲ ਭਰੇ ਹੁੰਦੇ ਹਨ, ਜਿਨ੍ਹਾਂ ਦਾ ਕੋਈ ਅਸਰ ਵੀ ਨਹੀਂ ਹੁੰਦਾ ਅਤੇ ਇਹੋ ਜਿਹੇ ਬਿਆਨ ਦੇਸ਼ ਦੇ ਲੋਕਾਂ ਨੂੰ ਚੰਗੇ ਵੀ ਨਹੀਂ ਲੱਗਦੇ।

ਦਸ ਸਾਲ ਕਾਂਗਰਸ ਦੀ ਸਰਕਾਰ ਵੇਲੇ ਜਿਹੜੇ ਘੁਟਾਲੇ ਸਾਹਮਣੇ ਆਏ, ਉਨ੍ਹਾਂ ਦੇ ਹੁੰਦਿਆਂ 2014 ਦੀਆਂ ਆਮ ਚੋਣਾਂ ਵਿੱਚ ਕੋਈ ਵੀ ਪਾਰਟੀ ਜਾਂ ਨੇਤਾ ਖੜ੍ਹ ਜਾਂਦਾ, ਕਾਂਗਰਸ ਅਵੱਸ਼ ਹੀ ਹਾਰ ਜਾਂਦੀ। ਹੋਇਆ ਵੀ ਅਜਿਹਾ ਹੀ ਕਿ ਭਾਜਪਾ ਜੁਮਲਿਆਂ ਦੇ ਸਹਾਰੇ ਹੀ ਜਿੱਤ ਗਈ। ਇਹ ਸਹਿਜੇ ਹੋਇਆ ਕੋਈ ਕ੍ਰਿਸ਼ਮਾ ਨਹੀਂ।

ਦੇਸ਼ ਵਿੱਚ ਸੱਤਾਧਾਰੀ ਪਾਰਟੀ ਦੇ ਵਿਰੁੱਧ ਕੋਈ ਠੋਸ ਮਹਾਂਗਠਜੋੜ ਨਹੀਂ ਬਣ ਸਕਿਆ, ਜਿਸ ਕਾਰਨ ਭਾਜਪਾ ਦਮਗਜੇ ਮਾਰਦੀ ਦਨਦਨਾਉਂਦੀ ਫਿਰ ਰਹੀ ਹੈ, ਪਰ ਜਨਤਾ ਪਿਛਲੇ ਪੰਜ ਸਾਲ ਵਿੱਚ ਭੋਗੀਆਂ ਦੁੱਖ-ਤਕਲੀਫ਼ਾਂ ਨਹੀਂ ਭੁੱਲ ਰਹੀ, ਕਿਉਂਕਿ ਲੋਕਾਂ ਨੂੰ ਨੋਟਬੰਦੀ ਨੇ ਮਾਰਿਆ, ਬੇਰੁਜ਼ਗਾਰੀ ਨੇ ਵੀ।

ਇਹ ਤਾਂ ਸਪੱਸ਼ਟ ਹੈ ਕਿ ਭਾਜਪਾ ਸਰਕਾਰ ਨੇ ਦੇਸ਼ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ, ਸਗੋਂ ਵਾਅਦਿਆਂ ਨੂੰ ਜੁਮਲੇ ਕਹਿ ਕੇ ਅਜਿਹਾ ਮਜ਼ਾਕ ਕੀਤਾ ਕਿ ਜਿਸ ਦੇ ਆਸਰੇ ਪੰਜ ਸਾਲ ਪੂਰੇ ਕਰ ਲਏ। ਨਾਲ ਦੀ ਨਾਲ ਦੇਸ਼ ਭਰ ਦੀ ਜਨਤਾ ਨੂੰ ਕੁਸਕਣ ਨਹੀਂ ਦਿੱਤਾ। ਜੇ ਕਿਸੇ ਨੇ ਆਵਾਜ਼ ਉਠਾਈ ਤਾਂ ਉਸ ਨੂੰ ਧਮਕਾ ਦਿੱਤਾ।

ਵਿਰੋਧੀ ਧਿਰ ਫਟੀ ਹੋਣ ਕਾਰਨ ਕੋਈ ਅਜਿਹਾ ਨੇਤਾ ਨਹੀਂ ਮੰਨ ਸਕੀ ਜਿਹੜਾ ਹਾਕਮ ਧਿਰ ਨੂੰ ਅੱਗੇ ਲਾ ਲੈਂਦਾ। ਮੁੱਦੇ ਅਤੇ ਮਸਲੇ ਤਾਂ ਬੜੇ ਹਨ, ਪਰ ਲੋਕਾਂ ਨੂੰ ਸਮਝਾਏ ਨਹੀਂ ਜਾ ਸਕੇ। ਏਜੰਡੇ ਅਤੇ ਮੈਨੀਫੈਸਟੋ ਦੇਰ ਨਾਲ ਛਾਪੇ ਜਾ ਰਹੇ ਹਨ ਜੋ ਬਹੁਭਾਸ਼ਾਈ ਦੇਸ਼ ਵਿੱਚ ਜਨਤਾ ਤੱਕ ਦੇਰ ਨਾਲ ਹੀ ਪਹੁੰਚਣਗੇ।

ਜੇ ਵਿਰੋਧੀ ਧਿਰ ਦਾ ਮਹਾਂਗੱਠਜੋੜ ਇਕਮੁੱਠ ਹੁੰਦਾ ਤਾਂ ਨੋਟਬੰਦੀ, ਰਾਫੇਲ, ਕਾਲਾ ਧਨ, 15 ਲੱਖ ਖਾਤਿਆਂ ਵਿੱਚ ਭੇਜਣ ਦੇ ਮਸਲੇ ਉਠਾਏ ਜਾਂਦੇ ਅਤੇ ਲੋਕਾਂ ਵਿੱਚ ਇੱਕ ਭਰਵੀਂ ਲਹਿਰ ਚਲਾਈ ਜਾਂਦੀ ਤਾਂ ਹਾਕਮ ਪਾਰਟੀ ਨੂੰ ਸਿਰ ਭਾਰ ਦੌੜਦਿਆਂ ਕੋਈ ਰਾਹ ਨਾ ਲੱਭਦਾ। ਅਜਿਹਾ ਨਾ ਹੋਣਾ ਸੀ ਅਤੇ ਨਾ ਹੋਇਆ।

ਦੇਸ਼ ਦੀਆਂ ਵੱਡੀਆਂ ਪਾਰਟੀਆਂ ਤਾਂ ਮਹਾਂਗੱਠਜੋੜ ਨਹੀਂ ਬਣਾ ਸਕੀਆ, ਪਰ ਕਈ ਰਾਜਾਂ ਵਿੱਚ ਖੇਤਰੀ ਪਾਰਟੀਆਂ ਦੇ ਬਣੇ ਗੱਠਜੋੜ ਆਪਣਾ ਰੰਗ ਦਿਖਾ ਰਹੇ ਹਨ, ਜਿਨ੍ਹਾਂ ਨੂੰ ਹੁੰਗਾਰਾ ਵੀ ਮਿਲ ਰਿਹਾ। ਇਨ੍ਹਾਂ ਖੇਤਰੀ ਪਾਰਟੀਆਂ ਦੀ ਆਮ ਜਿਹੀ ਭੂਮਿਕਾ ਤਾਂ ਹੋ ਸਕਦੀ ਹੈ, ਪਰ ਕੋਈ ਵੱਡਾ ਮਾਅਰਕਾ ਨਹੀਂ ਮਾਰ ਸਕਦੀਆਂ।

ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਹਰ ਸਿਆਸੀ ਪਾਰਟੀ ਵੱਖ-ਵੱਖ ਵਰਗਾਂ ਤੇ ਕਿੱਤਿਆਂ ਦੇ ਲੋਕਾਂ ਵਾਸਤੇ ਲਾਰੇ-ਲੱਪਿਆਂ ਦੇ ਭੰਡਾਰ ਹੀ ਖੋਲ੍ਹੀ ਬੈਠੀ ਹੈ, ਇਸ ਤੋਂ ਵੱਧ ਕੁਝ ਵੀ ਨਹੀਂ। ਸਭ ਪਾਰਟੀਆਂ ਦਿਸ਼ਾਹੀਣ ਹਨ ਅਤੇ ਕਲਪਨਾ 'ਚ ਉੱਡਦੀਆਂ ਹੋਈਆਂ ਲੋਕਾਂ ਨੂੰ ਲੁਭਾਉਣਾ ਹੀ ਚਾਹੁੰਦੀਆਂ ਹਨ ਤਾਂ ਕਿ ਜਿੱਤ ਨੂੰ ਹਥਿਆਇਆ ਜਾ ਸਕੇ।

ਕਿਸੇ ਕੋਲ ਕੋਈ ਵੱਡਾ ਮੁੱਦਾ ਨਹੀਂ, ਕਿਸੇ ਕੋਲ ਅਜਿਹਾ ਨਿਸ਼ਾਨਾ ਵੀ ਨਹੀਂ, ਜਿੱਥੇ ਦੇਸ਼ ਨੂੰ ਲਿਜਾਇਆ ਜਾ ਸਕੇ। ਦੁਨੀਆ ਦੇ ਮੁਲਕਾਂ ਨਾਲ ਮੁਕਾਬਲਾ ਕਰਨ ਦੀ ਕੋਈ ਗੱਲ ਨਹੀਂ ਕਰ ਰਿਹਾ। ਜੇ ਲੋਕਾਂ ਵਿੱਚ ਪੈਸੇ ਵੰਡਣੇ ਵੀ ਹਨ ਤਾਂ ਸਮਾਜਿਕ ਸੁਰੱਖਿਆ ਕਾਨੂੰਨ ਬਣਾਇਆ ਜਾਵੇ ਤਾਂ ਜੋ ਬਦਲਿਆ ਹੀ ਨਾ ਜਾ ਸਕੇ।

ਇਹ ਜੋ ਸਾਲਾਨਾ 72000 ਦੀ ਗੱਲ ਕੀਤੀ ਜਾ ਰਹੀ ਹੈ, ਇਸ ਦਾ ਹਸ਼ਰ ਓਹੀ ਨਾ ਹੋਵੇ, ਜੋ 15 ਲੱਖ ਦੇਣ ਦੇ ਵਾਅਦੇ ਦਾ ਹੋਇਆ, ਹਰ ਸਾਲ ਜੋ ਦੋ ਕਰੋੜ ਨੌਕਰੀਆਂ ਦੇਣ ਦਾ ਹੋਇਆ ਜਾਂ ਫੇਰ ਵਿਦੇਸ਼ਾਂ ਤੋਂ ਕਾਲਾ ਧਨ ਲਿਆਉਣ ਦਾ ਹੋਇਆ। ਗੋਬਲਜ਼ ਦਾ ਜ਼ਮਾਨਾ ਜਾਂਦਾ ਰਿਹਾ, ਹੁਣ ਲੋਕ ਪੜ੍ਹ-ਲਿਖ ਗਏ, ਜ਼ਮਾਨਾ ਬਦਲ ਗਿਆ।

ਹੈਰਾਨ ਕਰਨ ਵਾਲੀ ਗੱਲ ਹੈ ਕਿ ਇਹ ਆਮ ਚੋਣਾਂ ਮੁਹੱਲਾ ਜਾਂ ਪੰਚਾਇਤ ਚੋਣਾਂ ਜਿਹੀਆਂ ਲੱਗ ਰਹੀਆਂ ਹਨ, ਕਿਉਂਕਿ ਨੇਤਾ ਖੇਤਰੀ, ਜਾਤਪਾਤੀ, ਫਿਰਕਾਪ੍ਰਸਤੀ ਦਾ ਪੱਤਾ ਹੀ ਖੇਡ ਰਹੀਆਂ ਹਨ, ਜਿਸ ਨੂੰ ਨੀਵਾਂ ਪੱਧਰ ਹੀ ਕਿਹਾ ਜਾ ਸਕਦਾ, ਉੱਚਾ ਨਹੀਂ। ਗੱਲ ਤਾਂ ਦੇਸ਼ ਦੇ ਵੱਡੇ ਮੁੱਦਿਆਂ, ਮਸਲਿਆਂ ਦੀ ਹੋਣੀ ਚਾਹੀਦੀ ਹੈ, ਨਾ ਕਿ ਲਾਰੇ-ਲੱਪਿਆਂ ਦੀ।

**ਸਿਆਸਤ ਪੰਜਾਬ ਦੀ**

ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਵਕਾਰ ਖਤਰੇ ਦਾ ਸਾਹਮਣਾ ਕਰ ਰਿਹਾ ਹੈ, ਕਿਉਂਕਿ ਦੋ ਸੀਟਾਂ 'ਤੇ ਬਾਦਲ ਪਰਵਾਰ ਦੇ ਦੋ ਜੀਆਂ ਦਾ ਤਿਖੇਰਾ ਮੁਕਾਬਲਾ ਹੋ ਰਿਹਾ। ਬਠਿੰਡੇ ਦੇ ਖੇਤਰ ਦਾ ਰੌਅ ਹੁਣ ਪਹਿਲਾਂ ਵਾਲਾ ਨਹੀਂ ਅਤੇ ਫਿਰੋਜ਼ਪੁਰ ਵੀ ਬਦਲ ਗਿਆ। ਦੋਹੀਂ ਥਾਈਂ ਦਿਲਚਸਪ ਮੁਕਾਬਲੇ ਹੋਣਗੇ।

ਆਪ, ਪੰਜਾਬ ਏਕਤਾ ਪਾਰਟੀ ਅਤੇ ਹੋਰ ਪਾਰਟੀਆਂ ਦਾ ਬਹੁਤ ਫੈਲਾਅ ਹੋ ਨਹੀਂ ਸਕਿਆ। ਅਗਾਂਹਵਧੂ ਤਾਂ ਦੇਰ ਤੋਂ ਕੋਈ ਵੀ ਥਾਂ ਨਹੀਂ ਬਣਾ ਸਕੇ। ਭਾਜਪਾ ਦੇ ਉਮੀਦਵਾਰ ਵੀ ਠੋਸ ਨਹੀਂ। ਦਿੱਲੀ ਦਾ ਜੰਮਿਆ-ਪਲਿਆ ਪਵਿੱਤਰ ਹਲਕੇ ਅੰਮ੍ਰਿਤਸਰ 'ਚ ਨਹੀਂ ਜੰਮ ਸਕੇਗਾ। ਗੁਰਦਾਸਪੁਰ 'ਚ ਅਦਾਕਾਰ ਕੀ ਕਰ ਲਊ?

ਹਾਂ, ਇੱਕ ਹਲਕਾ ਰਹਿ ਜਾਂਦਾ ਹੈ, ਜਿੱਥੇ ਕੇਂਦਰੀ ਮੰਤਰੀ ਦੀ ਥਾਂ ਇੱਕ ਸਾਬਕਾ ਅਧਿਕਾਰੀ ਖੜ੍ਹਾ ਕਰ ਦਿੱਤਾ ਗਿਆ ਹੈ, ਜਿਸ ਦੀ ਜਿੱਤ ਵੀ ਸਹਿਜ ਨਹੀਂ ਹੋਵੇਗੀ। ਸਮਝਿਆਂ ਪਤਾ ਲੱਗਦਾ ਹੈ ਕਿ ਮੈਦਾਨ ਸਾਫ਼ ਹੀ ਹੈ ਕਾਂਗਰਸ ਲਈ। ਕਿਤੇ-ਕਿਤੇ ਬਾਗ਼ੀ ਆਵਾਜ਼ ਉੱਠ ਰਹੀ ਹੈ, ਜਿਸ 'ਤੇ ਛੇਤੀ ਹੀ ਕਾਬੂ ਪਾ ਲਿਆ ਜਾਂਦਾ।

ਸਿਆਸੀ ਮਾਹਿਰ ਵੀ ਚੁੱਪ ਬੈਠੇ ਹਨ ਅਤੇ ਅਨੁਮਾਨ ਲਾਉਣ ਵਾਲੇ ਵੀ। ਕਿਸੇ ਨੂੰ ਪੰਜਾਬ ਦੇ ਸਿਆਸੀ ਦ੍ਰਿਸ਼ ਬਾਰੇ ਪੁੱਛ ਬੈਠੋ ਤਾਂ ਕੋਈ ਤਸੱਲੀਬਖਸ਼ ਜਵਾਬ ਨਹੀਂ ਮਿਲਦਾ। ਕੋਈ ਵੀ ਠੋਸ ਦਲੀਲਾਂ ਨਾਲ ਕਿਸੇ ਨੂੰ ਜਤਾਉਣ ਲਈ ਤਿਆਰ ਨਹੀਂ, ਕਿਉਂਕਿ ਹੁਣ ਲੋਕ ਮਨ ਦੀ ਬਾਤ ਪਤਾ ਨਹੀਂ ਲੱਗਣ ਦਿੰਦੇ।

**ਲਤੀਫ਼ੇ ਦਾ ਚਿਹਰਾ ਮੋਹਰਾ**

ਅਰਕਮਲ ਦਾ ਚੀਨੀ ਮਿੱਤਰ ਸੀ ਚੈਂਗ। ਉਸ ਨੇ ਪੁੱਛਿਆ ਕਿ ਇਸ ਸਵਾਲ ਤੋਂ ਤੇਰਾ ਮਨ ਨਹੀਂ ਉਕਤਾਉਂਦਾ, ਜਦ ਲੋਕ ਵਾਰ

-ਵਾਰ ਕਹਿੰਦੇ ਹਨ ਕਿ ਸਾਰੇ ਚੀਨੀ ਇਕੋ ਜਿਹੇ ਹੀ ਲੱਗਦੇ ਹਨ ਤਾਂ ਅੱਗਿਉਂ ਆਵਾਜ਼ ਆਈ, ''-ਚੈਂਗ ਮੇਰੇ ਪਤੀ ਹਨ, ਉਹ ਤਾਂ ਬਾਥਰੂਮ ਗਏ ਹਨ, ਮੈਂ ਤਾਂ ਉਨ੍ਹਾਂ ਦੀ ਪਤਨੀ ਹਾਂ।''

---

ਉਮੀਦਵਾਰ : ਮੈਂ ਆਪਣੇ ਪੁਰਾਣੇ ਹਲਕੇ ਤੋਂ ਚੋਣ ਨਹੀਂ ਲੜ ਸਕਦਾ, ਕਿਉਂਕਿ ਲੋਕ ਮੈਨੂੰ 'ਜਾਣਦੇ' ਹਨ।

ਪਾਰਟੀ ਪ੍ਰਧਾਨ : ਫੇਰ ਤੈਨੂੰ ਫਲਾਨਾ ਨਵਾਂ ਹਲਕਾ ਦੇ ਦਿੰਦੇ ਹਾਂ।

ਉਮੀਦਵਾਰ : ਨਹੀਂ, ਪ੍ਰਧਾਨ ਜੀ ਉੱਥੇ ਦੇ ਲੋਕ ਤਾਂ ਮੈਨੂੰ 'ਪੂਰੀ ਤਰ੍ਹਾਂ ਜਾਣਦੇ' ਹਨ।

### 8 ਮਈ ਮਾਂ ਦਿਵਸ 'ਤੇ ਵਿਸ਼ੇਸ਼

# ਮਮਤਾ, ਤਿਆਗ 'ਤੇ ਪਿਆਰ ਦੀ ਮੂਰਤ ਹੁੰਦੀ ਹੈ ਮਾਂ



ਨੀਨਾ ਧੀਰ ਜੈਤੋ
neenamoga@gmail.com

ਅੱਜ 8 ਮਈ ਨੂੰ ਭਾਰਤ ਸਮੇਤ ਦੁਨੀਆਂ ਦੇ 86 ਦੇਸਾਂ ਵਿੱਚ ਮਾਂ ਦਿਵਸ ਮਨਾਇਆ ਜਾਂਦਾ ਹੈ। ਇਹਨਾਂ ਦੇਸਾਂ ਵਿੱਚ ਹਰ ਸਾਲ ਮਈ ਦਾ ਦੂਸਰਾ ਐਤਵਾਰ ਮਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ।ਬਾਕੀ ਰਹਿੰਦੇ ਕਈ ਦੇਸ 4 ਮਈ ਨੂੰ ਮਾਂ ਦਿਵਸ ਵਜੋਂ ਮਨਾਉਦੇ ਹਨ। ਅਰਬ ਦੇਸਾਂ ਵਿੱਚ ਇਹ ਦਿਨ 21 ਮਾਰਚ ਨੂੰ ਮਨਾਇਆ ਜਾਂਦਾ ਹੈ ਤੇ ਯੂਰਪ ਦੇ ਬਹੁਤ ਦੇਸ ਹਰ ਸਾਲ 8 ਮਾਰਚ ਨੂੰ ਮਾਂ ਦਿਵਸ ਮਨਾਉਦੇ ਹਨ। ਜਗ ਜਣਨੀ ਮਾਂ ਨੂੰ ਸਾਰੇ ਗੁਰੂਆਂ ਪੀਰਾਂ ਨੇ ਵੀ ਹਮੇਸ਼ਾ ਸਤਿਕਾਰ ਦੇਣ ਦੀ ਗੱਲ ਕਹੀ ਹੈ। ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜਾ ਕਦੇ ਨਹੀਂ ਉਤਾਰ ਸਕਦੇ। ਮਮਤਾ ਨਿਰ-ਸਵਾਰਥ ਹੁੰਦੀ ਹੈ। ਸਾਰਾ ਦਿਨ ਕੰਮ ਕਰਕੇ ਘਰ ਪਰਤਦਿਆਂ ਬਾਕੀ ਸਭ ਵਾਰੀ ਵਾਰੀ ਆਪਣੇ ਦੁੱਖ ਤੇ ਲੋੜਾਂ ਦੱਸਦੇ ਹਨ ਪਰ ਮਾਂ ਆਪਣੇ ਪੁੱਤਰ ਨੂੰ ਸਭ ਤੋਂ ਪਹਿਲਾਂ ਸਿਰ ਤੇ ਹੱਥ ਫੇਰ ਕੇ ਪੁੱਛਦੀ ਹੈ, ' ਕੁਝ ਖਾ ਲਿਆ ਸੀ?' ਇਸੇ ਕਰਕੇ ਮਾਂ ਅੱਗੇ ਹਮੇਸ਼ਾ ਸਿਰ ਝੁਕਦਾ ਰਹੇਗਾ।



ਮਾਂ ਆਪਣੇ ਬੱਚੇ ਨੂੰ 9 ਮਹੀਨੇ ਪੇਟ ਵਿੱਚ ਪਾਲ ਕੇ ਜਨਮ ਦਿੰਦੀ ਹੈ, ਪਾਲਣ ਪੋਸ਼ਣ ਕਰਦੀ ਹੈ, ਆਪ ਗਿੱਲੀ ਥਾਂ ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਮਾਂ ਦੇ ਪੈਰਾਂ ਹਠੇ ਜੰਨਤ ਦੱਸੀ ਗਈ ਹੈ। ਇਸ ਦਾ ਮਤਲਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ,ਜਿਨਾਂ ਦਾ ਸੀਸ ਮਾਂ ਦੇ ਕਦਮਾਂ ਵਿੱਚ ਝੁਕਦਾ ਹੈ ਉਨਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਭਾਵ ਘਰ ਵਿੱਚ ਮਾਂ ਦਾ ਸਤਿਕਾਰ ਹੀ ਨਹੀਂ ਕਰਦੇ ਅਤੇ ਖੁੱਦ ਧਾਰਮਿਕ ਸਥਾਨਾਂ ਤੇ ਜਾਂ ਕੇ ਸੇਵਾ ਕਰਨ ਦਾ ਵਿਖਾਵਾਂ ਕਰਦੇ ਹਨ। ਉਨਾਂ ਨੂੰ ਕਦੇ ਸੁਖ ਨਹੀ ਮਿਲ ਸਕਦਾ। ਕਿਸੇ ਸਾਇਰ ਦੀਆਂ ਬਹੁਤ ਸੁੰਦਰ ਲਾਈਨਾ 'ਮਾਂ ਤਾਂ ਰੱਬ ਦਾ ਰੂਪ ਹੈ ਦੂਜਾ, ਮਾਂ ਤੋ ਵੱਧ ਕੋਈ ਹੋਰ ਨਾ ਦੂਜਾ, ਭਾਵ ਮਾਂ ਦਾ ਰਿਸਤਾ ਸਭ ਰਿਸਤਿਆ ਤੋ ਪਿਆਰਾ ਤੇ ਬਹੁ-ਮੁਲਾ ਰਿਸਤਾ ਹੈ।

ਇਹ ਉਹ ਮਾਂ ਹੈ ਜਿਸਨੇ ਖੁਦ ਲੱਖਾਂ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ, ਰੁੱਖੀ ਮਿੱਸੀ ਖਾ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣੀਆਂ ਉਮੀਦ ਭਰੀਆ ਅੱਖਾਂ ਵਿੱਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ, ਮਾਂ-ਬਾਪ ਨੇ ਕਿ ਉਨਾਂ ਦੇ ਬੱਚੇ ਇਹ ਬਣਨਗੇ, ਉਨਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇ ਲੱਖਾ ਤਸੀਹੇ ਝੱਲ ਕੇ ਅਤੇ ਢਿਡ ਬੰਨ-ਬੰਨ ਕੇ ਜੋੜੀ ਅਤੇ ਖਰਾ ਸੋਨਾ ਸਮਝ ਕੇ ਹਿੱਕ ਨਾਲ ਲਗਾ ਕੇ ਰੱਖੀ ਔਲਾਦ ਮਾਂ ਪਿਉ ਦੀ ਸੇਵਾ ਨਾਂ ਕਰੇ ਨਿਕੱਮੀ ਨਿੱਕਲ ਜਾਵੇ ਤਾਂ ਉਸ ਮਨ ਤੇ ਕੀ ਬੀਤਦੀ ਹੋਵੇਗੀ?

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ।ਜਰਾ ਦਿਲ ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥ ਪੁਣੇ ਦੇ ਅਜਿਹੇ ਦੌਰ 'ਚੋ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀ ਲਗਾਉਂਦਾ। ਸਮਾਜ ਵਿੱਚ ਕਿੰਨੀਆ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸਿਕਾਰ ਹੋਈਆ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆ ਹਨ। ਸਾਨੂੰ ਬਜੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ 'ਚ ਭੇਜਣ ਦੀ ਬਜਾਏ ਉਨ੍ਹਾਂ ਦੀ ਖੁਦ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰ ਸਕੀਏ।

ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ। ਇਸ ਲਈ ਜੇ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋ ਦੂਰ ਕਰੀ ਬੈਠਾ ਹੈ ਤਾਂ ਸਭ ਕੁਝ ਭੁਲ ਕੇ ਮਾਂ ਦੇ ਚਰਨਾ ਵਿੱਚ ਜਾ ਡਿੱਗੋ। ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਇੱਕ ਪਲ ਵਿੱਚ ਤੁਹਾਨੂੰ ਮਾਂ ਨੇ ਆਪਣੀ ਹਿੱਕ ਨਾਲ ਲਗਾ ਲੈਣਾ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਆਪਣੀ ਜਨਮ ਦੇਣ ਵਾਲੀ ਮਾਂ ਦੇ ਨਾਲ- ਨਾਲ, ਸਮਾਜ ਵਿਚ ਮਾਂ ਸਮਾਨ ਬਜ਼ੁਰਗ ਔਰਤਾ ਦਾ ਵੀ ਅਸੀ ਹਮੇਸ਼ਾ ਮਾਂ ਵਾਂਗ ਹੀ ਸਤਿਕਾਰ ਕਰੀਏ ਤਾਂ ਜੋ ਸਾਡਾ ਸਮਾਜ ਸਵਰਗ ਦਾ ਨਕਸ਼ਾ ਬਣ ਸਕੇ ਅਤੇ ਨੋਜਵਾਨ ਪੀੜ੍ਹੀ ਨੂੰ ਲਿਆਕਤ ਤੇ ਸਿਆਣਪ ਆ ਸਕੇ। ਇੱਕ ਗੱਲ ਹਮੇਸਾ ਯਾਦ ਰੱਖੋ 'ਮਾਂ ਦੇ ਚਰਨਾ ਤੋ ਵੱਡਾ ਕੋਈ ਤੀਰਥ ਤੇ ਇਸ਼ਨਾਨ ਨਹੀ' ਇਸ ਲਈ ਹਮੇਸ਼ਾ ਸਰਵਨ ਪੁੱਤਰ ਬਣਨ ਦੀ ਕੋਸ਼ਿਸ਼ ਕਰੋ। ਜਿਸ ਦੀ ਸੁਰੂਆਤ ਅੱਜ ਤੋ ਹੀ ਕੀਤੀ ਜਾਣੀ ਚਾਹੀਦੀ ਹੈ।

# ਹੌਂਸਲੇ ਦੀ ਘਰ ਵਾਪਸੀ

ਅਜੇ ਤਾਂ ਪਹੁ ਨੇ ਫੁੱਟਣੋਂ ਪਹਿਲਾਂ ਰਾਤ ਨੂੰ ਸਵੌਣਾ ਹੈ
ਅਜੇ ਤਾਂ ਸਾਝਰੇ ਨੇ ਸਾਦਗੀ ਨੂੰ ਜ਼ਰਾ ਕੁ ਹਿਲੌਣਾ ਹੈ
ਅਜੇ ਤਾਂ ਸਵੇਰ ਨੇ ਦੁਪਿਹਰ ਨੂੰ ਜਗੌਣਾ ਹੈ
ਅਜੇ ਤਾਂ ਨਾਜ਼ੁਕ ਸੱਚ ਨੇ ਸ਼ਾਮ ਨੂੰ ਨਹੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਭਸਮ 'ਚੋਂ ਕੁਕਨੁਸ ਨੇ ਕਿਲਕਾਰੀ ਲਾਣੀ ਹੈ
ਅਜੇ ਤਾਂ ਕੋਇਲ ਦੀ ਕੂਕ ਧੁਰ ਦਰਗਾਹੇ ਜਾਣੀ ਹੈ
ਅਜੇ ਤਾਂ ਘੁੱਗੀਆਂ ਨੇ ਕਾਵਾਂ ਨੂੰ ਹਾਰ ਦਿਖਾਣੀ ਹੈ
ਅਜੇ ਤਾਂ ਨਵਾਂ ਗਾਣਾ ਮਮੋਲਿਆਂ ਨੇ ਗੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਧੱਕਿਆਂ ਨੇ ਧੱਕਿਆਂ ਦੀ ਤਕਦੀਰ ਬੋਚਣੀ ਹੈ
ਅਜੇ ਤਾਂ ਅੱਕਿਆਂ ਨੇ ਹੱਕਿਆਂ ਦੀ ਹੋਣੀ ਸੋਚਣੀ ਹੈ
ਅਜੇ ਤਾਂ ਥੱਕਿਆ ਨੇ ਬੱਕਿਆਂ ਦੀ ਫੱਟੀ ਪੋਚਣੀ ਹੈ
ਅਜੇ ਤਾਂ ਯੱਕਿਆਂ ਨੇ ਬਾਦਸ਼ਾਹਾਂ ਨੂੰ ਹਰੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਮਣਕਿਆਂ ਨੇ ਗਾਨੀਆਂ ਤੋਂ ਖ਼ਫ਼ਾ ਹੋਣਾ ਹੈ
ਅਜੇ ਤਾਂ ਲੌਂਗਾਂ ਨੇ ਵਾਲ਼ੀਆਂ ਸੰਗ ਇਸ਼ਕ ਪੌਣਾ ਹੈ
ਅਜੇ ਤਾਂ ਧਾਗਿਆਂ ਨੇ ਤਵੀਤਾਂ ਨੂੰ ਖਿਝੌਣਾ ਹੈ
ਅਜੇ ਤਾਂ ਛੱਲਿਆਂ ਨੇ ਮੁੰਦੀਆਂ ਨੂੰ ਵਸੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਚੰਨ ਤਾਰਿਆਂ ਨੂੰ ਮੁਹੱਲੇ 'ਚ ਬੁਲੌਣਾ ਹੈ
ਅਜੇ ਤਾਂ ਪ੍ਰਕਾਸ਼ ਗਤੀ ਦੇ ਨਾਲ ਮੱਥਾ ਲੌਣਾ ਹੈ
ਅਜੇ ਤਾਂ ਕਹਿਕਸ਼ਾਵਾਂ ਦਾ ਰੰਗ ਰੰਗ ਧੋਣਾ ਹੈ
ਅਜੇ ਤਾਂ ਟੁੱਟਦੇ ਉਲਕਾਵਾਂ ਨੂੰ ਮੱਥੇ ਸਜੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਨਵੀਂਆਂ ਨਵੀਂਆਂ ਕਰੂੰਬਲਾਂ ਨੇ ਫੁੱਟਣਾ ਹੈ
ਅਜੇ ਤਾਂ 'ਕੱਲਾ 'ਕੱਲਾ ਸ਼ਹਿਰ ਭੰਬੋਰ ਲੁੱਟਣਾ ਹੈ
ਅਜੇ ਤਾਂ ਚਿੱਟੇ ਧੌਲ਼ ਸਿਰੋਂ ਧਰਤੀ ਨੂੰ ਚੁੱਕਣਾ ਹੈ
ਅਜੇ ਤਾਂ ਟੋਇਆਂ ਟਿੱਬਿਆਂ ਨੂੰ ਸੀਨੇ ਲੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਗੁੱਝੇ ਸਿਤਾਰਿਆਂ ਨੂੰ ਸਿਰ 'ਤੇ ਤਾਣਨਾ ਹੈ
ਅਜੇ ਤਾਂ ਪਹਾੜੀ ਟੀਸੀਆਂ ਨੂੰ ਅੰਦਰੋਂ ਜਾਣਨਾ ਹੈ
ਅਜੇ ਤਾਂ ਸਾਗਰ ਦੀਆਂ ਡੂੰਘਾਣਾ ਨੂੰ ਛਾਣਨਾ ਹੈ
ਅਜੇ ਤਾਂ ਜੰਗ਼ਲਾ ਦੀ ਹਿੱਕ 'ਚ ਝੂਟਾ ਲੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਅੰਮ੍ਰਿਤ ਬੂਟੇ ਨੇ ਜ਼ਾਤ ਮੁਹੱਬਤ ਬਣੌਣੀ ਹੈ
ਅਜੇ ਤਾਂ ਅਮਰ ਵੇਲ ਨੇ ਨਫ਼ਰਤ ਐਨ ਸੁਕੌਣੀ ਹੈ
ਅਜੇ ਤਾਂ ਚੜ੍ਹਦੀਆਂ ਧੁੱਪਾਂ ਨੇ ਚਾਸ਼ਣੀ ਪਕੌਣੀ ਹੈ
ਅਜੇ ਤਾਂ ਕੰਵਲਾਂ ਨੇ ਭੇਤ ਚਿੱਕੜ ਦਾ ਪੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਆਉਣਾ ਹੈ

ਅਜੇ ਤਾਂ ਪਵਿੱਤਰ ਜਲ ਨੂੰ ਕੂ਼ਲੇ ਚਰਨਾ ਨਾਲ ਛੂਹੌਣਾ ਹੈ
ਅਜੇ ਤਾਂ ਹਵਾ ਦੇ ਕਹੇ 'ਤੇ ਬੱਦ਼ਲਾਂ ਦਾ ਪਰਦਾ ਹਟੌਣਾ ਹੈ
ਅਜੇ ਤਾਂ ਸੱਤ-ਰੰਗਾਂ ਨੇ ਚਿਹਰਾ ਰਮਣੀਕ ਬਣੌਣਾ ਹੈ
ਅਜੇ ਤਾਂ ਮੇਰੇ ਹੀ ਪਾਪ ਨੇ ਮੇਰਾ ਝਉ਼ਲਾ ਪੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਪੂਣੀਆਂ ਨੇ ਚਰਖਿਆਂ ਨੂੰ ਘੁੰਮੌਣਾ ਹੈ
ਅਜੇ ਤਾਂ ਆਮ ਅਹਿਸਾਸਾਂ ਨੂੰ ਨੀਂਦੋਂ ਜਗੌਣਾ ਹੈ
ਅਜੇ ਤਾਂ ਲੋਅ ਦੇ ਮੂੰਹੋਂ ਹਰਫ਼ ਏ ਆਖਰ ਕਹੌਣਾ ਹੈ
ਅਜੇ ਤਾਂ ਦੋਸਤੀ ਦਾ ਸਾਦਾ ਮੁਕਟ ਲੌਹਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਪੱਥਰਾਂ ਦੀਆਂ ਛਾਤੀਆਂ ਨੂੰ ਪਾੜਨਾ ਹੈ
ਅਜੇ ਤਾਂ ਗੁਪਤ ਬੇਤਰਤੀਬੀਆਂ ਨੂੰ ਸਾੜਨਾ ਹੈ
ਅਜੇ ਤਾਂ ਇਸ਼ਕ ਦੇ ਸੇਕ ਨਾਲ ਲਹੂ ਨੂੰ ਕਾੜ੍ਹਨਾ ਹੈ
ਅਜੇ ਤਾਂ ਖ਼ਿਆਲਾਂ ਦੀਆਂ ਗੁਸਤਾਖ਼ੀਆਂ ਨੂੰ ਬਖ਼ਸ਼ੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਠੰਡੀਆਂ ਛਾਵਾਂ ਨੇ ਰ਼ਲਵਾ ਸੁਰ ਅਲਾਪਣਾ ਹੈ
ਅਜੇ ਤਾਂ ਪ੍ਰੀਤ ਮੰਡਲ 'ਚੋਂ ਸ਼ਿਕਾਇਤ ਨੇ ਸਹਿਕਣਾ ਹੈ
ਅਜੇ ਤਾਂ ਰੰਗ-ਭੂਮੀ ਦੇ ਕਣ ਕਣ ਨੇ ਮਹਿਕਣਾ ਹੈ
ਅਜੇ ਤਾਂ ਲਾਲ ਲੀਕਾਂ ਨੂੰ ਗ਼ਲੀਓਂ ਮਿਟੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ

ਅਜੇ ਤਾਂ ਸੂਖ਼ਮ ਜਜ਼ਬਿਆਂ ਨੂੰ ਵੀ ਅਥਾਹ ਪਾਲਣਾ ਹੈ
ਅਜੇ ਤਾਂ ਮਹੀਨ ਚੇਤਿਆਂ ਨੂੰ ਜ਼ਿਹਨ 'ਚ ਗਾਲਣਾ ਹੈ
ਅਜੇ ਤਾਂ ਸ਼ਬਦਾਂ ਥਾਣੀ ਹੋਰ ਚੁੱਲ੍ਹਿਆਂ ਨੂੰ ਬਾਲਣਾ ਹੈ
ਅਜੇ ਤਾਂ ਬਹੁਤ ਕੁੱਝ ਕਹਿ ਕਹਿ ਕੇ ਕਰੌਣਾ ਹੈ
ਫੇਰ ਕਿਤੇ ਜਾ ਕੇ ਉਸਨੇ ਘਰ ਔਣਾ ਹੈ



**ਮਨੀਸ਼ ਕੁਮਾਰ ਮਸਾਣੀ**

# ਕਿਰਤ ਦੀ ਰਾਖੀ ਦੇ ਅਹਿਦ ਦਾ ਦਿਹਾੜਾ – ਪਹਿਲੀ ਮਈ



ਕੇਹਰ ਸ਼ਰੀਫ
+49 173 3546050

ਹੱਕ-ਸੱਚ ਵਾਸਤੇ ਕੀਤੀਆਂ ਕੁਰਬਾਨੀਆਂ ਭਰੇ ਇਸ ਇਤਿਹਾਸਕ ਦਿਹਾੜੇ ਨੂੰ ਦੁਨੀਆਂ ਭਰ ਦੇ ਕਿਰਤ ਕਰਨ ਵਾਲੇ ਭਾਈ ਲਾਲੋ ਹਰ ਵਰ੍ਹੇ ਹੀ ਪ੍ਰਣ ਦਿਵਸ ਵਜੋਂ ਮਨਾਉਂਦੇ ਹਨ। ਬਹੁਤ ਲੰਮੇ ਸਮੇਂ ਤੋਂ ਇਹ ਕਿਰਤੀਆਂ ਦਾ ਕੌਮਾਂਤਰੀ ਤਿਉਹਾਰ ਬਣ ਚੁੱਕਾ ਹੈ, ਕਿਉਂਕਿ ਇਸ ਦੇ ਪਿੱਛੇ ਉਨ੍ਹਾਂ ਦੇ ਆਪਣੇ ਕੀਤੇ ਕੰਮ ਦੀ ਰਾਖੀ ਦੇ ਸੰਘਰਸ਼ਾਂ ਦਾ ਲੰਮਾ ਇਤਿਹਾਸ ਹੈ ਜੋ ਲਗਾਤਾਰ ਅਜੇ ਵੀ ਚੱਲ ਰਿਹਾ ਹੈ ਅਤੇ ਇਹ ਘੋਲ ਚੱਲਦਾ ਰਹੇਗਾ ਜਦੋਂ ਤੱਕ ਕੰਮ ਕਰਨ ਵਾਲੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਕੇ ਸੁਖ ਦੀ ਰੋਟੀ ਨਾ ਖਾਣ ਲੱਗ ਪੈਣ। ਜਦੋਂ ਤੱਕ ਇਨਸਾਫ ਦੇਣ ਵਾਲੇ ਭਾਈਚਾਰਕ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਨਹੀਂ ਹੋ ਜਾਂਦੀ।

ਗੱਲ ਸਵਾ ਕੁ ਸਦੀ ਤੋਂ ਕੁੱਝ ਵੱਧ ਪੁਰਾਣੀ ਹੈ ਕਿ ਮਜਦੂਰਾਂ ਨੂੰ ਸਿਰਫ ਕੰਮ ਕਰਨ ਜੋਗੇ ਹੀ ਸਮਝਿਆ ਜਾਂਦਾ ਸੀ। ਉਨ੍ਹਾਂ ਦੇ ਜੀਵਨ ਅਤੇ ਖਾਹਿਸ਼ਾਂ ਦਾ ਕਿਸੇ ਭੜੂਏ ਨੂੰ ਕੋਈ ਫਿਕਰ ਨਹੀਂ ਸੀ। ਅਠਾਰ੍ਹਾਂ-ਵੀਹ ਘੰਟੇ ਰੋਜ਼ਾਨਾ ਕੰਮ ਕਰਨਾ ਬਹੁਤ ਸਾਰਿਆਂ ਦਾ "ਨਸੀਬ" ਬਣ ਚੁੱਕਾ ਸੀ। ਖਾਣ-ਪੀਣ, ਸੌਣ-ਪੈਣ, ਅਰਾਮ ਜਾਂ ਜ਼ਿੰਦਗੀ ਜੀਊਣ ਜੋਗਾ ਸਮਾਂ ਹੀ ਕੌਣ ਦਿੰਦਾ ਸੀ ਉਨ੍ਹਾਂ ਨੂੰ। ਜਦੋਂ ਪਾਣੀ ਗ਼ਲੋਂ ਉੱਪਰ ਚਲਾ ਜਾਵੇ ਤਾਂ ਮਨੁੱਖ ਜੀਊਣ ਲਈ ਚਾਰਾ ਕਰਦਾ ਹੈ। ਮਜ਼ਦੂਰਾਂ ਦੀ ਅਜਿਹੀ ਸਥਿਤੀ ਦੇ ਸਬੰਧ 'ਚ ਮਾਈਕਲ ਸ਼ਾਅਦ ਦੇ ਸ਼ਬਦ ਚੇਤੇ ਕਰਨੇ ਚਾਹੀਦੇ ਹਨ "ਲੱਖਾਂ ਮਜ਼ਦੂਰ ਭੁੱਖੇ ਮਰ ਰਹੇ ਹਨ ਤੇ ਉਹ ਅਵਾਰਾਗਰਦਾਂ ਵਰਗਾ ਜੀਵਨ ਬਤੀਤ ਕਰ ਰਹੇ ਹਨ। ਅਜਿਹੀ ਸਥਿਤੀ ਵਿਚ ਸਭ ਤੋਂ ਜ਼ਾਹਿਲ ਉਜਰਤੀ ਗੁਲਾਮ ਵੀ ਸੋਚਣਾ ਸ਼ੁਰੂ ਕਰ ਦਿੰਦਾ ਹੈ। ਸਾਂਝੀ ਮੁਸੀਬਤ ਉਨ੍ਹਾਂ ਨੂੰ ਸਪਸ਼ਟ ਕਰ ਦਿੰਦੀ ਹੈ ਕਿ ਉਹ ਹਰ ਹੀਲੇ ਇਕੱਠੇ ਹੋਣ ਤੇ ਉਹ ਹੋ ਜਾਂਦੇ ਹਨ"। ਉਦੋਂ ਮਜ਼ਦੂਰਾਂ ਦੀ ਇਹ ਸਥਿਤੀ ਸੀ।

ਜਦੋਂ ਸਰਮਾਏਦਾਰਾਂ ਨੇ ਮਜਦੂਰਾਂ ਉੱਤੇ ਅਸਹਿ ਅਤੇ ਅਕਹਿ ਜੁਲਮ ਢਾਹੁਣੇ ਜਾਰੀ ਰੱਖੇ ਤਾਂ ਕਾਮਿਆਂ ਨੇ ਛੋਟੇ ਛੋਟੇ ਗਰੁੱਪਾਂ ਰਾਹੀਂ ਸੋਚਣਾ ਸ਼ੁਰੂ ਕੀਤਾ ਕਿ ਅਜਿਹੀ ਜਾਲਮ ਸਥਿਤੀ ਵਿਚ ਜੀਊਣ ਦਾ ਸਬੱਬ ਕਿਵੇਂ ਬਣੇ, ਕਿਵੇਂ ਉਹ ਆਪਣੇ ਬਾਲ-ਬੱਚੇ ਪਾਲਣ ਆਦਿ। ਕੁਦਰਤੀ ਹੀ ਉਨ੍ਹਾਂ ਨੇ ਆਪਣੇ ਕਦਮ ਮਜ਼ਦੂਰ ਏਕੇ ਵੱਲ ਵਧਾਏ। 1881 ਵਾਲੇ ਦਹਾਕੇ ਵਿਚ ਮਜ਼ਦੂਰਾਂ ਨੇ ਆਪਣੇ ਆਪ ਨੂੰ 12 ਘੰਟੇ ਦੀ ਕੰਮ ਦਿਹਾੜੀ ਨੂੰ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਦੁਆਲੇ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ, ਉਂਜ ਭਾਵੇਂ ਇਹ ਮੰਗ 1866 ਤੋਂ ਉੱਠੀ ਸੀ ਜਿਸ ਦਾ ਲਗਾਤਾਰ ਪ੍ਰਚਾਰ ਹੁੰਦਾ ਰਿਹਾ। 1885 ਤੱਕ 8 ਘੰਟੇ ਕੰਮ ਦੀ ਕੰਮ ਦਿਹਾੜੀ ਵਾਲੀ ਮੰਗ ਹਰ ਕਿਸੇ ਦੀ ਜ਼ੁਬਾਨ 'ਤੇ ਚੜ੍ਹ ਗਈ ਸੀ ਤੇ ਜਨਤਕ ਰੂਪ ਧਾਰ ਗਈ ਸੀ। ਅਮਰੀਕਾ ਦੇ ਸਾਰੇ ਵੱਡੇ ਸਨਅਤੀ ਕੇਂਦਰਾਂ 'ਚ ਮਜ਼ਦੂਰਾਂ ਵਲੋਂ ਮੁਜ਼ਾਹਰੇ ਹੋਏ। ਫੇਰ 1886 ਦੇ ਸ਼ੁਰੂ ਤੋਂ ਹੀ ਅਮਰੀਕਾ ਦੇ ਇਕ ਸਿਰੇ ਤੋਂ ਦੂਜੇ ਸਿਰੇ ਭਾਵ ਨਿਊਯਾਰਕ ਤੋਂ ਸਾਨਫਰਾਂਸਿਸਕੋ ਤੱਕ ਆਮ ਮੁਜ਼ਾਹਰੇ ਹੋਏ, ਪਰ ਘੋਲ ਦਾ ਕੇਂਦਰ ਸ਼ਹਿਰ ਸ਼ਿਕਾਗੋ ਸੀ।

ਪਹਿਲੀ ਮਈ 1886 ਨੂੰ ਸ਼ਿਕਾਗੋ ਦੀ ਹੇਅ ਮਾਰਕੀਟ ਦੇ ਦੁਆਲੇ ਕਾਮੇ ਇਕੱਠੇ ਹੋਏ। ਇਸ ਦਿਨ 80 ਹਜਾਰ ਮਜ਼ਦੂਰਾਂ ਨੇ ਆਪਣੀਆਂ ਮੰਗਾਂ ਦੇ ਨਾਅਰਿਆਂ ਨਾਲ ਸ਼ਹਿਰ ਦੀਆਂ ਸੜਕਾਂ ਗੂੰਜਣ ਲਾ ਦਿੱਤੀਆਂ। ਇਹ ਮੁਜ਼ਾਹਰੇ ਅਗਲੇ ਦੋ ਦਿਨ ਵੀ ਜਾਰੀ ਰਹੇ ਪਰ ਤਿੰਨ ਮਈ ਨੂੰ ਪੁਲੀਸ ਨੇ ਬਿਨਾ ਕਿਸੇ ਭੜਕਾਹਟ ਦੇ ਅਤੇ ਬਿਨਾਂ ਕਿਸੇ ਵਾਰਨਿੰਗ ਤੋਂ ਹੱਕ ਮੰਗਦੇ ਨਿਹੱਥੇ ਮਜਦੂਰਾਂ 'ਤੇ ਗੋਲੀ ਚਲਾ ਦਿੱਤੀ ਜਿਸ ਨਾਲ 6 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 50 ਤੋਂ ਵੱਧ ਜਖ਼ਮੀ ਹੋ ਗਏ। 4 ਮਈ ਨੂੰ ਪੁਲੀਸ ਵਲੋਂ ਹੋਏ ਇਸ ਵਹਿਸ਼ੀ ਜਬਰ ਦੇ ਖਿਲਾਫ ਸ਼ਹਿਰ ਦੇ ਕੇਂਦਰੀ ਚੌਕ ਵਿਚ ਰੈਲੀ ਹੋਈ। ਇਸ ਰੈਲੀ ਵਿਚ ਕਿਸੇ ਹੜਤਾਲ ਤੋੜਨ ਵਾਲੇ ਸਰਕਾਰੀ ਏਜੰਟ ਨੇ ਭੜਕਾਹਟ ਪੈਦਾ ਕਰਨ ਵਾਸਤੇ ਬੰਬ ਸੁੱਟ ਦਿੱਤਾ। ਇਕ ਪੁਲਸੀਆ ਮਾਰਿਆ ਗਿਆ, ਪੰਜ ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਸਰਕਾਰ ਨੇ ਮੌਕਾ ਤਾੜ ਕੇ ਮਜਦੂਰ ਜਮਾਤ ਨੂੰ ਖੂਬ ਭੰਡਿਆ। ਮਜਦੂਰਾਂ ਤੇ ਅੰਨ੍ਹਾਂ ਤਸ਼ੱਦਦ ਕੀਤਾ ਅਤੇ ਬਹੁਤ ਸਾਰੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ। ਆਖਰ ਝੂਠ ਦੇ ਪੁੱਤਰ ਬੇਈਮਾਨ ਸਰਕਾਰੀ ਅਧਿਕਾਰੀਆਂ ਨੇ ਕਾਲੇ ਦਿਲਾਂ ਵਾਲੇ ਭਾੜੇ ਦੇ ਟੱਟੂ ਪੈਸੇ ਨਾਲ ਖਰੀਦ ਕੇ ਝੂਠ ਦਾ ਜਾਲ ਬੁਣਿਆਂ। ਕਹੇ ਜਾਂਦੇ "ਇਨਸਾਫ ਦੇ ਫਰਿਸ਼ਤਿਆਂ" ਅੱਗੇ ਖਰੀਦੇ ਹੋਏ ਪੁਲੀਸ ਟਾਊਟਾਂ ਨੂੰ ਗਵਾਹਾਂ ਦੇ ਰੂਪ ਵਿਚ ਪੇਸ਼ ਕਰਕੇ ਘੜੇ ਘੜਾਏ ਫਤਵਿਆਂ ਰਾਹੀਂ ਬੇਕਸੂਰ ਮਜਦੂਰ ਆਗੂਆਂ ਨੂੰ ਫਾਂਸੀ ਦੀਆਂ ਸਜਾਵਾਂ ਸੁਣਾਈਆਂ। 11 ਨਵੰਬਰ 1887 ਨੂੰ ਅਲਬਰਟ ਪਾਰਸਨ, ਔਗਸਤ ਸਪਾਈਸ, ਜਾਰਜ ਏਂਜਲ ਅਤੇ ਅਡੋਲਫ ਫਿਸ਼ਰ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਉਨ੍ਹਾਂ ਸੂਰਮਿਆਂ ਨੇ ਆਪਣੀਆਂ ਜਾਨਾਂ ਆਪਣੇ ਲੋਕਾਂ ਅਤੇ ਆਪਣੇ ਕਾਜ਼ ਨੂੰ ਭੇਟ ਕਰ ਦਿੱਤੀਆਂ। ਫਾਂਸੀ ਦੇ ਤਖ਼ਤੇ ਵੱਲ ਵਧਦਿਆਂ ਔਗਸਤ ਸਪਾਈਸ ਦੇ ਅੰਤਮ ਸ਼ਬਦ ਸਨ – "ਇਕ ਸਮਾਂ ਆਵੇਗਾ, ਜਦੋਂ ਸਾਡੀ ਚੁੱਪ, ਸਾਡੇ ਸ਼ਬਦਾਂ ਨਾਲੋਂ ਜ਼ਿਆਦਾ ਬੋਲੇਗੀ।"

ਦੂਜੀ ਕੌਮਾਂਤਰੀ ਦੀ ਕਾਂਗਰਸ ਨੇ 1889 ਵਿਚ ਪਹਿਲੀ ਮਈ ਨੂੰ ਮਜਦੂਰਾਂ ਦੇ ਇਕਮੁੱਠਤਾ ਦਿਵਸ ਦੇ ਤੌਰ 'ਤੇ ਮਨਾਉਣ ਦਾ ਫੈਸਲਾ ਲਿਆ। 1890 ਤੋਂ ਪਹਿਲੀ ਮਈ ਦਾ ਦਿਹਾੜਾ ਸ਼ਹੀਦਾਂ ਦੀ ਯਾਦ ਵਜੋਂ ਸੰਸਾਰ ਪੱਧਰ 'ਤੇ ਮਨਾਇਆ ਜਾਂਦਾ ਹੈ ਜੋ ਮਜਦੂਰਾਂ ਦੀ ਕੌਮਾਂਤਰੀ ਸਾਂਝ ਨੂੰ ਤਕੜਿਆ ਕਰਦਾ ਹੈ। ਦੁਨੀਆਂ ਭਰ ਵਿਚ ਇਕ-ਦੋ ਦੇਸ਼ਾਂ ਨੂੰ ਛੱਡ ਕੇ ਇਸ ਦਿਨ ਸਰਕਾਰੀ ਛੁੱਟੀ ਹੁੰਦੀ ਹੈ। ਹਰ ਥਾਵੇਂ ਲੋਕ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ।

ਅੱਜ ਪਹਿਲਿਆਂ ਸਮਿਆਂ ਨਾਲੋਂ ਸੰਸਾਰ ਸਥਿਤੀ ਹੀ ਨਹੀਂ ਮਜਦੂਰਾਂ ਦੀ ਹਾਲਤ ਵੀ ਬਦਲੀ ਹੈ ਪਰ ਬੁਨਿਆਦੀ ਸਵਾਲਾਂ ਅੰਦਰ ਕਿੰਨੀ ਤਬਦੀਲੀ ਆਈ ਹੈ। ਇੱਥੇ ਸਰਮਾਏਦਾਰੀ ਦੇ ਖਾਸੇ ਬਾਰੇ ਦੁਨੀਆਂ ਦੇ ਮਹਾਨ ਚਿੰਤਕ ਕਾਰਲ ਮਾਰਕਸ ਦੇ ਵਿਚਾਰ ਚੇਤੇ ਕਰਨੇ ਬਹੁਤ ਸਾਰਥਕ ਹਨ – ਮਾਰਕਸ ਨੇ ਲਿਖਿਆ ਸੀ :

" ਸਰਮਾਏਦਾਰੀ ਜਿੱਥੇ ਵੀ ਹੋਂਦ ਵਿਚ ਆਈ ਹੈ ਉੱਥੇ ਹੀ ਇਸ ਨੇ ਜਗੀਰੂ, ਪਿਤਾ-ਪੁਰਖੀ ਅਤੇ ਆਦਰਸ਼ਕ ਪੇਂਡੂ ਰਿਸ਼ਤਿਆਂ ਨੂੰ ਤਬਾਹ ਕਰ ਦਿੱਤਾ ਹੈ। ਇਸ ਨੇ ਬੜੀ ਬੇਰਹਿਮੀ ਨਾਲ ਮਨੁੱਖ ਨੂੰ ਆਪਣੇ ਕੁਦਰਤੀ ਵਡੇਰਿਆਂ ਨਾਲ ਜੋੜਨ ਵਾਲੀਆਂ ਜਗੀਰੂ ਤੰਦਾਂ ਨੂੰ ਤਾਰ-ਤਾਰ ਕਰ ਦਿੱਤਾ ਹੈ। ਇਸ ਨੇ ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਨੂੰ ਨੰਗੇ ਚਿੱਟੇ ਸੁਆਰਥ ਅਤੇ ਪੈਸੇ ਦੀ ਕਦੇ ਨਾ ਪੂਰੀ ਹੋਣ ਵਾਲੀ ਭੁੱਖ ਉੱਤੇ ਨਿਰਭਰ ਕਰ ਦਿੱਤਾ ਹੈ ਭਾਵ ਮਨੁੱਖ ਨੂੰ ਘੋਰ ਸੁਆਰਥੀ ਬਣਾ ਦਿੱਤਾ ਹੈ ਅਤੇ ਪੈਸੇ ਲਈ ਹੜਬਾ ਦਿੱਤਾ ਹੈ। ਇਸ ਨੇ ਮਨੁੱਖੀ ਨੇਕ ਲਗਨ, ਮਨੁੱਖੀ ਦਲੇਰੀ, ਮਨੁੱਖੀ ਜੋਸ਼ ਅਤੇ ਆਮ ਮਨੁੱਖੀ ਭਾਵਨਾਵਾਂ ਨੂੰ ਨਿੱਜੀ ਸੁਆਰਥ ਦੇ ਬਰਫੀਲੇ ਪਾਣੀਆਂ ਵਿਚ ਡੋਬ ਦਿੱਤਾ ਹੈ। ਇਸ ਨੇ ਮਨੁੱਖੀ ਸਵੈਮਾਣ ਨੂੰ ਵਿਕਾਊ ਮਾਲ ਬਣਾ ਦਿੱਤਾ ਹੈ ਅਤੇ ਬੜੀ ਮਹਿੰਗੀ ਕੀਮਤ ਤਾਰ ਕੇ ਪ੍ਰਾਪਤ ਕੀਤੀਆਂ ਗਈਆਂ ਮਨੁੱਖੀ ਆਜ਼ਾਦੀਆਂ ਨੂੰ ਖਤਮ ਕਰਕੇ ਬਿਨਾ ਸ਼ੱਕ ਇਕੋ ਇਕ ਬੇ-ਜ਼ਮੀਰ ਆਜ਼ਾਦੀ ਤੱਕ ਸੀਮਤ ਕਰ ਦਿੱਤਾ ਹੈ ਇਹ ਹੈ ਅਜਾਦ ਵਪਾਰ। ਸੰਖੇਪ ਵਿਚ ਧਾਰਮਕ ਅਤੇ ਰਾਜਸੀ ਭੁਲੇਖਿਆ ਦੇ ਪਰਦੇ ਹੇਠ ਕੀਤੀ ਜਾਂਦੀ ਲੁੱਟ ਖਸੁੱਟ ਦੀ ਥਾਂ ਇਸਨੇ ਨੰਗੀ, ਬੇਸ਼ਰਮ, ਸਿੱਧੀ, ਵਹਿਸ਼ੀ ਲੁੱਟ-ਖਸੁੱਟ ਨੂੰ ਦੇ ਦਿੱਤੀ ਹੈ। ਸਰਮਾਏਦਾਰੀ ਨੇ ਹੁਣ ਤੱਕ ਨੇਕ ਸਮਝੇ ਜਾਂਦੇ ਅਨੇਕ ਕਿੱਤਿਆਂ ਦੀ ਪਵਿੱਤਰਤਾ ਨੂੰ ਖਤਮ ਕਰ ਦਿੱਤਾ ਹੈ। ਪੁਜਾਰੀ, ਕਵੀ (ਸਾਹਿਤਕਾਰ), ਸਾਇੰਸਦਾਨ, ਡਾਕਟਰ, ਵਕੀਲ ਆਦਿ ਪੈਸੇ ਕਮਾਉਣ ਦੀਆਂ ਮਸ਼ੀਨਾਂ ਬਣ ਗਏ ਹਨ। ਸਰਮਾਏਦਾਰੀ ਨੇ ਮਨੁੱਖੀ ਰਿਸ਼ਤਿਆਂ 'ਚੋਂ ਮਨੁੱਖੀ ਜਜ਼ਬਿਆਂ ਨੂੰ ਖਤਮ ਕਰਕੇ ਇਨ੍ਹਾਂ ਰਿਸ਼ਤਿਆਂ ਨੂੰ ਸਿਰਫ ਤੇ ਸਿਰਫ ਮਾਇਕ ਰਿਸ਼ਤਿਆਂ ਤੱਕ ਸੀਮਤ ਕਰ ਦਿੱਤਾ ਹੈ।"

**ਕਾਰਲ ਮਾਰਕਸ (ਕਮਿਊਨਿਸਟ ਮੈਨੀਫੈਸਟੋ 'ਚੋਂ)**








ਭਾਵੇਂ ਪਹਿਲਾਂ ਤੋਂ ਹੁਣ ਤੱਕ ਬਹੁਤ ਤਬਦੀਲੀ ਆਈ ਹੈ ਪਰ ਸਰਮਾਏਦਾਰੀ ਅੰਦਰੋਂ ਕਿਸੇ ਤਰ੍ਹਾਂ ਵੀ ਵੱਧ ਤੋਂ ਵੱਧ ਮੁਨਾਫੇ ਕਮਾਉਣ ਦੀ ਹਵਸ ਵਾਲੀ ਪਸ਼ੂ-ਬਿਰਤੀ ਅਜੇ ਮਰੀ ਨਹੀਂ। ਅੱਜ ਦੇ ਗਲੋਬਲੀ ਪਸਾਰੇ ਦੇ ਘੇਰੇ ਵਿਚ ਮੁਨਾਫਿਆਂ ਦੀ ਹਵਸ ਹੋਰ ਵਧ ਗਈ ਹੈ। ਇਸ ਹਾਲਤ ਨੂੰ ਬਦਲਣ ਲਈ ਜ਼ਰੂਰੀ ਹਨ ਇਕਮੁੱਠ ਮਜਦੂਰਾਂ ਦੇ ਸੰਘਰਸ਼ਮਈ ਖਾੜਕੂ ਘੋਲ। ਇਹ ਮਜਦੂਰਾਂ ਵਲੋਂ ਜਥੇਬੰਦ ਹੋਇਆਂ ਹੀ ਹੋ ਸਕਦੇ ਹਨ। ਮਜਦੂਰਾਂ ਅੰਦਰ ਇਨ੍ਹਾਂ ਦੇ ਵਿਰੋਧੀਆਂ (ਸਰਮਾਏਦਾਰੀ ਦੇ ਦੱਲਿਆਂ) ਵਲੋਂ ਭਰਮ ਭੁਲੇਖੇ ਪੈਦਾ ਕੀਤੇ ਜਾਂਦੇ ਹਨ ਜੋ ਹੁੰਦੇ ਤਾਂ ਮਾਮੂਲੀ ਹਨ ਪਰ ਗੈਰ-ਜਥੇਬੰਦ ਅਤੇ ਆਮ ਕਰਕੇ ਘੱਟ ਸੂਝ (ਰਾਜਸੀ ਅਤੇ ਸਮਾਜਕ) ਰੱਖਦੇ ਮਜਦੂਰਾਂ ਦੀ ਕੱਚ ਘਰੜ ਸਮਝ ਕੁਰਾਹੇ ਪੈ ਤੁਰਦੀ ਹੈ ਜਿਸ ਨਾਲ ਮਜਦੂਰ ਲਹਿਰ ਨੂੰ ਬਹੁਤ ਨੁਕਸਾਨ ਹੁੰਦਾ ਹੈ। ਇਸ ਗੱਲ 'ਤੇ ਜੋਰ ਦਿੰਦਿਆ ਜੂਨ 1927 ਦੇ "ਕਿਰਤੀ" ਵਿਚ ਲਿਖਿਆ ਗਿਆ ਸੀ, "ਲੋਕਾਂ ਨੂੰ ਆਪਸ ਵਿਚ ਲੜਨ ਤੋਂ ਰੋਕਣ ਲਈ ਜਮਾਤੀ ਸੂਝ ਦੀ ਲੋੜ ਹੈ। ਗਰੀਬਾਂ, ਕਿਰਤੀਆਂ ਅਤੇ ਕਿਸਾਨਾਂ ਨੂੰ ਸਾਫ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ ਇਸ ਕਰਕੇ ਤੁਹਾਨੂੰ ਇਨ੍ਹਾਂ ਦੇ ਹੱਥਕੰਡਿਆਂ ਤੋਂ ਬਚਕੇ ਰਹਿਣਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼੍ਹਬ ਦੇ ਹੋਣ ਹੱਕ ਇੱਕੋ ਹੀ ਹਨ। ਤੁਹਾਡਾ ਭਲਾ ਇਸ ਵਿਚ ਹੈ ਕਿ ਤੁਸੀਂ ਧਰਮ, ਰੰਗ, ਕੌਮ, ਨਸਲ ਤੇ ਦੇਸ਼ਾਂ ਦੇ ਭਿੰਨ-ਭੇਦ ਮਿਟਾ ਕੇ ਇਕੱਠੇ ਹੋ ਜਾਉ ਅਤੇ ਸਰਕਾਰ ਦੀ ਤਾਕਤ ਨੂੰ ਆਪਣੇ ਹੱਥ ਵਿਚ ਲੈਣ ਦਾ ਯਤਨ ਕਰੋ। ਇਨ੍ਹਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ਼ ਨਹੀਂ ਹੋਵੇਗਾ ਕਿਸੇ ਦਿਨ ਤੁਹਾਡੇ ਸੰਗਲ ਜਰੂਰ ਕੱਟੇ ਜਾਣਗੇ ਅਤੇ ਤੁਹਾਨੂੰ ਆਰਥਿਕ ਸੁਤੰਤਰਤਾ ਮਿਲ ਜਾਵੇਗੀ।"

ਭਾਰਤ ਦੀ ਮਜਦੂਰ-ਕਿਸਾਨ ਜਮਾਤ (ਕਿਰਤੀਆਂ) ਨੇ ਆਪਣੀ ਸਖਤ ਮਿਹਨਤ ਨਾਲ ਮੁਲਕ ਨੂੰ ਦੁਨੀਆਂ 'ਚ ਨਾਮਣੇ ਜੋਗਾ ਕੀਤਾ ਹੈ। ਜੇ ਅਜੇ ਵੀ ਮੁਲਕ ਵਿਚ ਗਰੀਬੀ, ਬੇਕਾਰੀ, ਅਨਪੜ੍ਹਤਾ, ਜਹਾਲਤ ਅਤੇ ਭ੍ਰਿਸ਼ਟਾਚਾਰ ਹੈ ਤਾਂ ਮੁਲਕ ਦੇ ਕਾਮੇ-ਕਿਰਤੀਆਂ ਕਰਕੇ ਨਹੀਂ ਸਗੋਂ ਮੁਲਕ ਅੰਦਰ ਸਰਮਾਏਦਾਰੀ ਪ੍ਰਬੰਧ ਦੇ ਭੈੜ ਹਨ ਭਾਵ ਮੁਨਾਫਿਆਂ ਦੀ ਹਵਸ ਵਾਲਾ ਝੋਟਾ ਅਤੇ ਇਸ ਨੂੰ ਲੱਗੀਆਂ ਜੂਆਂ (ਸਰਮਾਏਦਾਰੀ ਪ੍ਰਬੰਧ ਦੇ ਸਾਰੇ ਭੈੜ) ਹਨ। ਲੋੜ ਹੈ ਇਸ ਅਜਿਹੇ ਬੇਈਮਾਨੀ ਭਰੇ ਲੋਕ ਦੋਖੀ ਪ੍ਰਬੰਧ ਨੂੰ ਭੰਨ-ਤੋੜ ਸੁੱਟਣ ਦੀ ਤਾਂ ਕਿ ਭਾਈਚਾਰਕ ਬਰਾਬਰੀ ਵਾਲਾ ਸਮਾਜ ਉਸਰ ਸਕੇ। ਸੋਚਣ ਵਾਲੀ ਗੱਲ ਇਹ ਹੈ ਕਿ ਲੋਕ ਕਦੋਂ ਕੁ ਤੱਕ ਇੰਜ ਬਰਦਾਸ਼ਤ ਕਰੀ ਜਾਣਗੇ। ਦੇਸ਼ ਭਗਤ ਬਾਬਿਆਂ ਨੇ ਬਹੁਤ ਵੱਡੇ ਦਾਈਏ ਬੰਨ੍ਹੇ ਸਨ। ਕੀ ਅਸੀਂ ਉਨ੍ਹਾਂ ਸੁਪਨਿਆਂ ਦੇ ਨੇੜੇ-ਤੇੜੇ ਵੀ ਅੱਪੜੇ ਹਾਂ, ਜਵਾਬ ਨਾਂਹ ਵਿਚ ਹੈ।

ਉੱਘੇ ਦੇਸ਼ ਭਗਤ ਬਾਬਾ ਪ੍ਰਿਥਵੀ ਸਿੰਘ ਅਜਾਦ ਦੇਸ਼ ਦੀ ਅਜਾਦੀ ਦੇ ਘੋਲ ਵਿਚ ਵੱਡਾ ਹਿੱਸਾ ਪਾਉਣ ਵਾਲਿਆਂ ਵਿਚੋਂ ਸਨ। ਉਨ੍ਹਾਂ ਆਪਣੇ ਦਿਲ ਤੇ ਦੇਸ਼ ਦਾ ਦੁੱਖ ਆਪਣੀ ਸਵੈ-ਜੀਵਨੀ ਵਿਚ ਲਿਖਿਆ ਹੈ, ਉਹ ਲਿਖਦੇ ਹਨ: "ਅਜਾਦੀ ਤੋਂ ਬਾਅਦ ਸਹੀ ਸੇਧ ਵਿਚ ਚੱਲਣਾ ਬਹੁਤ ਜਰੂਰੀ ਸੀ ਪਰ ਅਸੀਂ ਇਸ ਵਿਚ ਫੇਲ੍ਹ ਹੋ ਗਏ ਹਾਂ। ਧਨ-ਦੌਲਤ ਦੇ ਗੇੜ ਵਿਚ ਪੈ ਗਏ ਹਾਂ। ਮੈਂ ਆਪਣੀ ਮਾਂ-ਭੂਮੀ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਨ੍ਹਾਂ ਸਵਾਲਾਂ ਉੱਤੇ ਵਿਚਾਰ ਕਰਨ ਕਿ ਭਾਰਤ ਕਿੱਧਰ ਨੂੰ ਜਾ ਰਿਹਾ ਹੈ? ਅਜਾਦ ਭਾਰਤ ਵਿਚ ਗਰੀਬੀ ਕਿਉਂ ਵਧ ਰਹੀ ਹੈ? ਸਾਡੇ ਕੌਮੀ ਜੀਵਨ ਵਿਚ ਭ੍ਰਿਸ਼ਟਾਚਾਰ ਕਿਵੇਂ ਧਸ ਗਿਆ ਹੈ? ਦਿਨੋ-ਦਿਨ ਅਮੀਰ ਤੇ ਗਰੀਬ ਵਿਚ ਪਾੜਾ ਕਿਉਂ ਵਧ ਰਿਹਾ ਹੈ? ਦੇਸ਼ ਦੀ ਇਸ ਹਾਲਤ ਅਤੇ ਨਿਘਾਰ ਲਈ ਕੌਣ ਜ਼ਿੰਮੇਵਾਰ ਹੈ? ਜੀਵਨ ਦੇ ਸਾਰੇ ਖੇਤਰਾਂ ਵਿਚ ਇਖਲਾਕੀ ਕਦਰਾਂ ਦੇ ਖੁਰਦੇ ਜਾਣ ਨੂੰ ਰੋਕਣ ਤੋਂ ਅਸੀਂ ਕਿਉਂ ਅਸਮਰਥ ਹਾਂ?".....ਬਾਬਾ ਜੀ ਨੇ ਅੱਗੇ ਆਪਣੇ ਵਿਚਾਰ ਵਿਅਕਤ ਕਰਦਿਆਂ ਕਿਹਾ ਹੈ ਕਿ "ਇਹ ਭ੍ਰਿਸ਼ਟਾਚਾਰੀ ਪ੍ਰਬੰਧ ਖੁਦ ਦੇਸ਼ ਦਿਆਂ ਹਾਕਮਾਂ ਨੇ ਪੈਦਾ ਕੀਤਾ ਹੈ। ਸਾਡੀ ਉਨਤੀ ਤੇ ਖੁਸ਼ਹਾਲੀ ਨਾਮਧਰੀਕ ਹੈ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਾਡੇ ਵਾਹੀਕਾਰ ਤੇ ਕਿਰਤੀ ਲੋਕ ਇਸ ਸਰਮਾਏਦਾਰ ਸਮਾਜ ਅੱਗੇ ਸਿਰ ਝੁਕਾਈ ਰੱਖਣਗੇ ਜਾਂ ਇਸ ਨੂੰ ਚੈਲਿੰਜ ਕਰਨਗੇ। ਭਾਰਤ ਦੇ ਕਿਸਾਨਾਂ ਤੇ ਮਜਦੂਰਾਂ ਨੇ ਆਪਣੇ ਰਾਹੇ ਜਾਣ ਦਾ ਫੈਸਲਾ ਕਰਨਾ ਹੈ। ਸੋਸ਼ਲਿਸਟ ਪ੍ਰਬੰਧ ਹੀ ਨਿਜਾਤ ਦਾ ਰਾਹ ਹੈ।"





ਭਾਰਤ ਧਰਮ ਨਿਰਪੱਖ ਦੇਸ਼ ਕਹਾਉਂਦਾ ਹੈ। ਪਰ ਹਾਕਮ ਰਾਜ ਗੱਦੀ ਤੇ ਬਣੇ ਰਹਿਣ ਲਈ ਫਿਰਕਾਪ੍ਰਸਤੀ ਦਾ ਸਹਾਰਾ ਲੈਣ ਵਿਚ ਕੋਈ ਰੱਤੀ ਭਰ ਵੀ ਸ਼ਰਮ ਮਹਿਸੂਸ ਨਹੀਂ ਕਰਦੇ ਸਗੋਂ "ਵੋਟ ਯੁੱਧ" ਦੇ ਮੈਦਾਨ ਵਿਚ ਖੁਦ ਫਿਰਕਾਪ੍ਰਸਤ ਹੋ ਜਾਂਦੇ ਹਨ ਪਰ ਬੇਸ਼ਰਮੀ ਦੀ ਹੱਦ ਕਿ ਮੂੰਹੋਂ ਨਾਮ ਫੇਰ ਵੀ ਧਰਮ ਨਿਰਪੱਖਤਾ ਦਾ ਹੀ ਲੈਂਦੇ ਹਨ। ਸਾਰਾ ਹੀ ਮੁਲਕ ਸੰਤਾਪ ਭੋਗ ਰਿਹਾ ਹੈ। ਪਿਛਲੇ ਕੁੱਝ ਸਮੇਂ ਤੋਂ ਤਾਂ ਇਸ ਦਾ ਚਲਣ ਬਹੁਤ ਜ਼ਿਆਦਾ ਵਧ ਗਿਆ ਹੈ। ਲਾਲਚੀ ਲੋਕ ਇਲਾਕਾਵਾਦ, ਭਾਸ਼ਾਵਾਦ ਤੇ ਕਈ ਹੋਰ ਕਿਸਮਾਂ ਦੀ ਡੱਫਲੀ ਬਜਾ ਕੇ ਆਪਣੇ ਸੌੜੇ ਮੁਫਾਦਾਂ ਖਾਤਰ ਆਮ ਕਿਰਤੀ ਲੋਕਾਂ ਨੂੰ ਪਾੜ ਵੀ ਰਹੇ ਹਨ ਤੇ ਮੂਰਖ ਵੀ ਬਣਾ ਰਹੇ ਹਨ। ਕਿਸੇ ਵੀ ਗੱਲ/ਮਸਲੇ ਨੂੰ ਹਕੀਕੀ ਹਾਲਤਾਂ ਅਨੁਸਾਰ ਹੀ ਵਿਚਾਰਿਆ ਜਾਣਾ ਚਾਹੀਦਾ ਹੈ। ਧਾਰਮਿਕ ਵਿਸ਼ਵਾਸ ਕਿਸੇ ਦੇ ਜਿਹੜੇ ਮਰਜੀ ਹੋਣ ਪਰ ਦੁੱਖ-ਤਕਲੀਫਾਂ, ਮੰਗਾਂ, ਮੁਸੀਬਤਾਂ ਸਭ ਦੀਆਂ ਸਾਂਝੀਆਂ ਹਨ ਇਸ ਕਰਕੇ ਇਹ ਸਾਂਝੀ ਲੜਾਈ ਇਕੱਠਿਆਂ ਹੋ ਕੇ ਸਾਂਝੇ ਤੌਰ 'ਤੇ ਲੜੀ ਜਾਣੀ ਚਾਹੀਦੀ ਹੈ/ ਇਹ ਲੜੀ ਜਾ ਸਕਦੀ ਹੈ। ਆਖਰ ਲੜਨੀ ਹੀ ਪੈਣੀ ਹੈ।

ਦੇਸ਼ ਦੇ ਕਿਰਤੀ – ਕਿਸਾਨਾਂ, ਦਸਤਕਾਰ ਲੋਕਾਂ ਨੇ ਹਮੇਸ਼ਾਂ ਹੀ ਮੁਲਕ ਦੇ ਵਿਕਾਸ ਵਿਚ ਆਪਣੀ ਸਮਰੱਥਾ ਤੋਂ ਵੱਧ ਯੋਗਦਾਨ ਪਾਇਆ, ਪਰ ਮੁਨਾਫੇ ਉਨ੍ਹਾਂ ਨੇ ਖੱਟੇ ਜੋ ਆਜ਼ਾਦੀ ਦੀ ਲਹਿਰ ਵੇਲੇ ਅੰਗਰੇਜਾਂ ਦੇ ਬੂਟ ਚੱਟਦੇ ਰਹੇ, ਦੇਸ਼ਭਗਤਾਂ ਦੀਆਂ ਅੰਗਰੇਜ਼ ਬਸਤੀਵਾਦੀਆਂ ਲਈ ਮੁਖਬਰੀਆਂ ਕਰਦੇ ਰਹੇ। ਆਜ਼ਾਦੀ ਉਪਰੰਤ ਕੌਮਾਂਤਰੀ ਸਰਮਾਏਦਾਰਾਂ ਨਾਲ ਰਲਕੇ 'ਸੋਨੇ ਦੀ ਚਿੜੀ' ਨੂੰ ਦੋਹੀਂ ਹੱਥ ਲੁੱਟਦੇ ਰਹੇ, ਅਜੇ ਵੀ ਲੁੱਟੀ ਜਾ ਰਹੇ ਹਨ। ਭਾਰਤ ਅੰਦਰ ਲੋਕ ਰਾਜ ਦੇ ਹੁੰਦਿਆਂ ਬਹੁਤ ਸਾਰੇ ਕਾਲੇ ਕਾਨੂੰਨ ਮੌਜੂਦ ਹਨ। ਉਹ ਸਾਰੇ ਹੀ ਆਪਣੀਆਂ ਹੱਕੀ ਮੰਗਾ ਲਈ ਘੋਲ ਕਰਦੇ ਲੋਕਾਂ ਦੇ ਖਿਲਾਫ ਵਰਤੇ ਜਾਂਦੇ ਹਨ। ਇੱਥੋਂ ਤੱਕ ਕਿ ਕਿਰਤੀ ਜਮਾਤ ਨਾਲ ਸਬੰਧਤ ਲੋਕ ਜਦੋਂ ਆਪਣੇ ਘੋਲਾਂ ਵਿਚ ਨਿੱਤਰੇ ਹੜਤਾਲਾਂ ਕੀਤੀਆਂ ਤਾਂ ਉਨ੍ਹਾਂ ਦੇ ਖਿਲਾਫ ਦਹਿਸ਼ਤ ਗਰਦੀ ਵਿਰੋਧੀ ਕਾਨੂੰਨ ਵਰਤੇ ਗਏ। ਹਾਲਾਂਕਿ ਇਹ ਜੱਗ ਜਾਹਰ ਹੈ ਕਿ ਮਜਦੂਰ ਜਮਾਤ ਬੇਕਿਰਕ ਹੋ ਕੇ ਦਹਿਸ਼ਤਗਰਦੀ ਦੇ ਖਿਲਾਫ ਲੜੀ। ਡੈਮੋਕ੍ਰੇਸੀ ਨੂੰ ਵਾਰ ਵਾਰ 'ਡਾਂਗੋਕ੍ਰੇਸੀ' ਨਾਲ ਹੱਕਿਆ ਗਿਆ। ਕੀ ਇਹ ਹੀ ਹੈ ਭਾਰਤੀ "ਲੋਕ ਰਾਜ"? ਨਿਆਂ ਇਸ ਰਾਜ ਵਿਚ ਅੱਖਾਂ 'ਤੇ ਪੱਟੀ ਬੰਨ੍ਹਕੇ, ਕੰਨਾਂ ਵਿਚ ਰੂੰਅ ਦੇ ਕੇ ਬੈਠਾ ਰਹਿੰਦਾ ਹੈ। ਛੋਟੀਆਂ ਛੋਟੀਆਂ ਬੱਚੀਆਂ, ਧੀਆਂ-ਭੈਣਾਂ ਦੇ ਬਲਾਤਕਾਰ ਆਮ ਵਰਤਾਰਾ ਬਣਦੇ ਜਾ ਰਹੇ ਹਨ। ਹਕੂਮਤੀ ਧਿਰਾਂ ਸਿਰਫ ਖਾਨਾ-ਪੂਰਤੀ ਦਾ ਵਿਖਾਵਾ ਕਰਨ ਤੱਕ ਸੀਮਤ ਹੋ ਜਾਂਦੀਆਂ ਹਨ। ਬੇਦੋਸ਼ਿਆਂ ਨੂੰ ਭੀੜਾਂ ਤੋਂ ਕਤਲ ਕਰਵਾਉਣ ਵਾਲੇ ਗੁੰਡੇ ਸਰਕਾਰੀ ਸੁਰੱਖਿਆ ਦਾ ਨਿੱਘ ਮਾਣਦੇ ਹਨ। ਉੱਚੇ ਅਹੁਦਿਆਂ 'ਤੇ ਬੈਠ ਕੇ ਰਾਜ-ਭਾਗ ਚਲਾਉਂਦੇ ਹਨ ਸਰਕਾਰਾਂ ਕਮਿਸ਼ਨ ਦਰ ਕਮਿਸ਼ਨ ਕਾਇਮ ਕਰਕੇ ਲੋਕਾਂ ਨੂੰ ਮੂਰਖ ਬਨਾਉਣ ਦਾ ਕੰਮ ਕਰਦੀਆਂ ਹਨ। ਜਿੱਥੇ ਇਨਸਾਫ ਨਾ ਮਿਲਦਾ ਹੋਵੇ ਉਹਨੂੰ ਕਾਨੂੰਨ ਦਾ ਰਾਜ ਜਾਂ ਲੋਕ ਰਾਜ ਕਹਿਣਾ ਕਿੰਨਾ ਕੁ ਠੀਕ ਹੋ ਸਕਦਾ ਹੈ? ਸਿਆਸਤ ਹੁਣ ਸੇਵਾ ਨਹੀਂ ਧੰਦਾ ਬਣ ਗਈ ਹੈ, ਸਿਆਸਤ ਨੂੰ ਵੇਚਣ ਦਾ ਧੰਦਾ ਕਰਨ ਵਾਲੇ ਹਕੂਮਤੀ "ਲੋਕ" ਇਸ ਦੀ ਕਮਾਈ ਹੀ ਨਹੀਂ ਖਾ ਰਹੇ ਸਗੋਂ ਬੇ-ਤਹਾਸ਼ੇ ਮੁਨਾਫੇ ਵੀ ਕਮਾ ਰਹੇ ਹਨ। ਸੱਭਿਆਚਾਰਕ ਕਦਰਾਂ ਕੀਮਤਾਂ ਦਾ ਨਿੱਤ ਘਾਣ ਹੁੰਦਾ ਹੈ, ਮਨੁੱਖਾਂ ਵਿਚੋਂ ਨੈਤਿਕਤਾ ਦਾ ਖਾਤਮਾ ਹੀ ਹੋ ਗਿਆ ਲਗਦਾ ਹੈ।

ਅੱਜ ਵਿਸ਼ਵੀਕਰਨ ਦਾ ਬਹੁਤ ਖੌਰੂ ਪੈ ਰਿਹਾ ਹੈ। ਮੀਡੀਆ 'ਤੇ ਬਹੁਕੌਮੀ ਕੰਪਨੀਆਂ ਜਾਂ ਫੇਰ ਵੱਡੇ ਕਾਰਪੋਰੇਟ ਘਰਾਣਿਆਂ ਦੇ ਕਬਜੇ ਹਨ ਜਾਂ ਉਨ੍ਹਾਂ ਦਾ ਇਸ ਖੇਤਰ ਅੰਦਰ ਵੱਡਾ ਪ੍ਰਭਾਵ ਹੈ। ਇਸ ਕਰਕੇ ਹੀ ਗਲੀ-ਸੜੀ ਅਤੇ ਬੌਨੀ ਸੋਚ ਦੇ ਸਾਧਾਰਨ ਜਹੇ ਵਿਅਕਤੀਆਂ ਨੂੰ ਪ੍ਰਭਾਵਸ਼ਾਲੀ ਬਨਾਉਣ ਵਿਚ ਲੱਗੇ ਹੋਏ ਹਨ। ਮੀਡੀਏ ਦਾ ਵੱਡਾ ਹਿੱਸਾ "ਸੱਚ" ਦੇ ਨਾਂ ਹੇਠ ਝੂਠ ਵੇਚ ਰਿਹਾ ਹੈ। ਇਸ ਪਾਸੇ ਹਰ ਵਿਅਕਤੀ ਨੂੰ ਜਾਗ੍ਰਿਤ ਕਰਦਿਆਂ ਹੋਰ ਸੁਚੇਤ ਹੋਣ ਵਾਲਾ ਹੋਕਾ ਦੇਣ ਦੀ ਬਹੁਤ ਲੋੜ ਹੈ। ਹਰ ਚੰਗੀ ਮਨੁੱਖਵਾਦੀ ਅਤੇ ਸਾਂਝੀਵਾਲਤਾ ਭਰੀ ਸੋਚ ਨੂੰ ਅਣਗੌਲਿਆ ਜਾ ਰਿਹਾ ਹੈ ਜਾਂ ਫੇਰ ਨਕਾਰਨ ਦਾ ਜਤਨ ਕੀਤਾ ਜਾ ਰਿਹਾ ਹੈ। ਇਸ ਤੋਂ ਬਚਣ ਲਈ ਸਰਗਰਮੀ ਭਰਿਆ ਦਖਲ ਬਹੁਤ ਜਰੂਰੀ ਹੈ। ਇਸ ਨਕਲੀ ਵਿਸ਼ਵੀਕਰਨ ਦੇ ਝੂਠੇ ਵਣਜਾਰੇ ਸੰਸਾਰ ਦੇ ਇਕ ਪਿੰਡ ਬਣ ਜਾਣ ਵਾਲੇ ਛੁਣਛੁਣੇ ਨਾਲ ਦੁਹਾਈ ਦੇ ਕੇ ਸਾਰੇ ਪਿੰਡ ਨੂੰ ਹੀ ਲੁੱਟਣ 'ਤੇ ਲੱਗੇ ਹੋਏ ਹਨ। ਇਹ ਵਿਸ਼ਵੀਕਰਨ ਖਾਸ ਕਰਕੇ ਆਰਥਕ ਪੱਖੋਂ ਨਵ-ਬਸਤੀਵਾਦੀ ਪ੍ਰਬੰਧ ਹੈ। ਮਨੁੱਖੀ ਸਾਂਝਾ ਨੂੰ ਪਿਛਾਂਹ ਧੱਕਦਿਆ ਮਨੁੱਖ ਨੂੰ ਸਮਾਜ ਨਾਲੋਂ ਤੋੜਨ ਵਿਚ ਲੱਗੇ ਹੋਏ ਹਨ। ਸਾਡੇ ਅਮੀਰ ਵਿਰਸੇ ਵਿਚ ਸਦੀਆਂ ਤੋਂ "ਸਭੈ ਸਾਂਝੀਵਾਲ...." ਦਾ ਹੋਕਾ ਮਿਲਦਾ ਹੈ ਅਤੇ 'ਬੇਗਮਪੁਰੇ ਦੀ ਸਿਰਜਣਾ' ਦਾ ਸਿਧਾਂਤ ਬਰਾਬਰੀ ਅਤੇ ਦੀਨ ਦੁਖੀ ਨਾਲ ਖੜ੍ਹੇ ਹੋਣ ਦੇ ਬੋਲ ਉੱਚੇ ਕਰਦਾ ਹੈ। ਕਿਉਂ ਵਿਸਾਰੀਏ ਅਸੀਂ ਇਹੋ ਜਹੇ ਮਨੁੱਖਵਾਦੀ ਸਿਧਾਂਤ? ਇਹ ਧਾਰਮਿਕ ਪ੍ਰਵਚਨ ਨਹੀਂ ਸਗੋਂ ਸਮਾਜਕ ਵਿਹਾਰ ਨੂੰ ਬਰਾਬਰੀ ਤੱਕ ਲੈ ਜਾਣ ਵਾਲੇ ਮਨੁੱਖਤਾ ਦਾ ਪੱਖ ਪੂਰਨ ਵਾਲੇ ਸੁੱਚੇ ਬੋਲ ਹਨ। ਇਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਕਦਮ ਅੱਗੇ ਤੁਰਨੇ ਚਾਹੀਦੇ ਹਨ, ਸਾਝਾਂ ਪੈਦਾ ਕਰਦਿਆ ਇਨ੍ਹਾਂ ਨੂੰ ਤਕੜੇ ਕਰਨਾ ਚਾਹੀਦਾ ਹੈ।

ਫਿਰਕਾਪ੍ਰਸਤੀ ਅਤੇ ਰੂੜੀਵਾਦੀ ਸੋਚ ਨੂੰ ਪ੍ਰਣਾਏ ਕਈ ਮੱਕਾਰ ਸਿਆਸਤਦਾਨ ਜਾਂ ਉਨ੍ਹਾਂ ਦੇ ਹਮਾਇਤੀ ਧਰਮ ਦੇ ਰਾਜ ਦੀਆਂ ਵੀ ਦੁਹਾਈਆਂ ਪਾਉਂਦੇ ਦੇਖੇ ਜਾ ਸਕਦੇ ਹਨ। ਧਰਮ ਦੇ ਨਾਂ ਵਾਲੀ ਸੋਚ ਵਿਚੋਂ ਤਾਂ ਸਿਰਫ ਕੁਚੱਜ ਭਰੇ "ਪਰਬੰਧ" ਜੰਮਦੇ ਹਨ ਜੋ ਧੱਕੇ / ਧੌਂਸ ਵਾਲੇ ਅਤੇ ਮਿਹਨ-ਤਕਸ਼ਾਂ ਦੇ ਨੰਗੇ ਚਿੱਟੇ ਦੁਸ਼ਮਣ ਹੁੰਦੇ ਹਨ। ਹਰ ਕਿਸਮ ਦੀ ਫਿਰਕਾਪ੍ਰਸਤੀ ਫਾਸ਼ੀਵਾਦ ਨੂੰ ਜਨਮ ਦੇਣ ਦਾ ਕਾਰਨ ਬਣਦੀ ਹੈ। ਫਾਸ਼ੀਵਾਦ ਲੋਕਾਂ ਦਾ ਦੁਸ਼ਮਣ ਹੁੰਦਾ ਹੈ। ਹਰ ਕਿਸਮ ਦੇ ਫਿਕਾਪ੍ਰਸਤਾਂ ਦੇ ਖਿਲਾਫ ਘੋਲ ਜਮਾਤੀ ਸੂਝ ਨਾਲ ਪ੍ਰਪੱਕ ਹੋ ਕੇ ਹੀ ਲੜਿਆ ਜਾ ਸਕਦਾ ਹੈ/ ਲੜਿਆ ਜਾਣਾ ਚਾਹੀਦਾ ਹੈ, ਅੱਜ ਇਸਦੀ ਬਹੁਤ ਲੋੜ ਹੈ।

ਕਿਰਤੀਆਂ ਦੇ ਸਾਂਝੇ ਸੰਘਰਸ਼ ਹੀ ਸਮਾਜ ਨੂੰ ਅੱਗੇ ਵੱਲ ਤੋਰ ਸਕਦੇ ਹਨ। ਅਜਿਹੀ ਸਥਿਤੀ ਵਿਚ ਬੁੱਧੀਜੀਵੀਆਂ ਦੇ ਜਿੰਮੇਵਾਰੀ ਬਹੁਤ ਵਧ ਜਾਂਦੀ ਹੈ ਕਿ ਉਹ ਹਾਲਤਾਂ ਨੂੰ ਭਾਂਪਦਿਆਂ, ਕਿਸਾਨਾਂ-ਮਜ਼ਦੂਰਾਂ ਨਾਲ ਸਾਂਝ ਵਧਾ ਕੇ ਉਨ੍ਹਾਂ ਦੇ ਹਕੀਕੀ ਮਸਲਿਆਂ ਬਾਰੇ ਠੀਕ ਨਿਰਣੇ ਕਰਨ ਅਤੇ ਆਪਣੇ ਲੋਕਾਂ ਨੂੰ ਸਹੀ ਸੇਧ ਦੇਣ। ਭਰੱਪਣ ਭਰੇ ਸਮਾਜ ਦੀ ਕਾਇਮੀ ਵੱਲ ਸਾਂਝੀ ਯਲਗਾਰ ਹੀ ਪਹਿਲੀ ਮਈ ਦਾ ਸੁਨੇਹਾ ਹੈ। ਕਿਰਤੀਆਂ ਖਾਤਰ ਜਾਨਾਂ ਵਾਰ ਗਏ ਸ਼ਹੀਦਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਵਲੋਂ ਸ਼ੁਰੂ ਕੀਤੇ ਕਾਜ਼ ਨੂੰ ਪ੍ਰਣਾਮ ਕਰਦਿਆਂ ਉਸ ਸੋਚ ਦਾ ਹਿੱਸਾ ਬਣਨਾ ਸਾਡਾ ਫਰਜ਼ ਹੋਣਾ ਚਾਹੀਦਾ ਹੈ। ਇਹ ਹੀ ਪਹਿਲੀ ਮਈ ਦੀ ਭਾਵਨਾ ਹੈ।

# ਦੋ ਪੁਸਤਕਾਂ ਜੋ ਮੈਂ ਪੜ੍ਹੀਆਂ

**ਪੁਸਤਕ ਦਾ ਨਾਮ:-**
**ਚੋਣਵੀਂ ਕਵਿਤਾ ਦੇ ਰੰਗ (ਕਵਿਤਾਵਾਂ)**
**ਲੇਖਕ ਦਾ ਨਾਮ:- ਕਮਲ ਬੰਗਾ ਸੈਕਰਾਮੈਂਟੋ**
**ਕੀਮਤ:- 400 ਰੁਪਏ**
**ਪ੍ਰਕਾਸ਼ਕ :- ਖੜਗ ਪ੍ਰਕਾਸ਼ਨ, ਲੁਧਿਆਣਾ**

ਕਮਲ ਬੰਗਾ ਕਵਿਤਾ ਲਿਖਣ ਲਈ ਨਿਰੰਤਰ ਗਤੀਸ਼ੀਲ ਹੈ। 'ਕਮਲ' ਦੀ ਕਵਿਤਾ ਸਹਿਜ ਸਿਰਜਣ ਪ੍ਰਕਿਰਿਆ ਹੈ। ਉਹਦੀ ਹਰ ਕਵਿਤਾ 'ਚ ਨਵੀਂ ਕਰਵਟ ਹੈ। ਨਵੀਂ ਊਰਜਾ ਹੈ। ਨਵੀਂ ਸੋਚ ਹੈ। ਸਹਿਮ, ਬੇਬਸੀ, ਬੇਵਿਸ਼ਵਾਸ਼ੀ ਵਾਲੀ ਕਵਿਤਾ ਲਿਖਦਿਆਂ




ਵੀ ਉਹ ਆਸ਼ਾਵਾਦ ਦਾ ਪੱਲਾ ਨਹੀਂ ਛੱਡਦਾ। ਕਮਲ ਬੰਗਾ ਅੰਦਰੋਂ ਬਾਹਰ ਵੱਲ, ਦਿਲ ਤੋਂ ਚਿੰਤਨ ਵੱਲ ਤੁਰਨ ਵਾਲਾ ਕਵੀ ਹੈ। ਉਹ ਦੁਚਿਤੀ ਦਾ ਪੱਲਾ ਛੱਡ, ਨਿਡਰ ਹੋ ਕੇ ਕਵਿਤਾ ਲਿੱਖਦਾ ਹੈ। ਗਿਨਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਉਸਨੇ ਭਰਪੂਰ ਰਚਨਾ ਕੀਤੀ ਹੈ। ਕਮਲ ਬੰਗਾ ਇੱਕ ਇਹੋ ਜਿਹਾ ਕਵੀ ਹੈ, ਜਿਸਨੇ ਸੰਸਾਰ ਪੱਧਰ ਦੀਆਂ ਵਾਪਰ ਰਹੀਆਂ ਸਮਾਜਿਕ, ਰਾਜਨੀਤਕ, ਸਭਿਆਚਾਰਕ ਘਟਨਾਵਾਂ ਨੂੰ ਤੁਲਾਤਮਕ ਪੱਧਰ ਉਤੇ ਜਾਂ ਤਾਂ ਆਪਣੀ ਕਵਿਤਾ ਵਿੱਚ ਸਵੀਕਾਰਿਆ ਹੈ ਜਾਂ ਅਸਵਿਕਾਰਿਆ ਹੈ। ਉਹ ਸਮਾਜ 'ਚ ਵਾਪਰਦੀਆਂ ਘਟਨਾਵਾਂ ਬਾਰੇ ਚਿੰਤਤ ਹੀ ਨਹੀਂ ਸਗੋਂ ਸਮਕਾਲੀ ਯਥਾਰਥ ਵਿਚਲੀਆਂ ਟਕਰਾ ਵਾਲੀਆਂ ਵਿਰੋਧੀ ਹਾਲਤਾਂ ਨਾਲ ਸੰਵਾਦ ਰਚਾਉਂਦਾ ਕਵਿਤਾ ਲਿੱਖਦਾ ਹੈ। ਕਵਿਤਾ ਲਿੱਖਦਾ ਉਹ ਮੰਨੋਰੰਜਨ ਨਹੀਂ ਕਰਦਾ, ਸਗੋਂ ਸਵਾਰਥੀ ਮਾਨਵ ਵਲੋਂ ਆਪਣੇ ਹਿੱਤਾਂ ਦੀ ਪੂਰਤੀ ਲਈ ਬਣਾਏ ਗ਼ੈਰ- ਕੁਦਰਤੀ ਯੰਤਰਾਂ, ਮੰਤਰਾਂ ਅਤੇ ਅੰਧ-ਵਿਸ਼ਵਾਸ਼ੀ ਮਾਨਤਾਵਾਂ ਵਿਰੁੱਧ ਬੇਬਾਕ ਹੋਕੇ ਸ਼ਬਦ-ਬਾਣ ਚਲਾਉਂਦਾ ਹੈ।

ਇਸਤਰੀ ਨਾਲ ਹੋ ਰਹੇ ਅਨਿਆ ਅਤੇ ਸੋਸ਼ਣ, ਗਰੀਬੀ ਕਾਰਨ ਲੋਕਾਂ ਦੇ ਹੋ ਰਹੇ ਮੰਦੇ ਹਾਲ, ਔਰਤਾਂ ਨਾਲ ਜਬਰ-ਜਨਾਹ, ਭਰੂਣ ਹੱਤਿਆ, ਅਨਪੜ੍ਹਤਾ, ਨੌਜਵਾਨਾਂ ਦਾ ਰੋਜ਼ਗਾਰ ਲਈ ਪ੍ਰਵਾਸ ਜਿਹੇ ਵਿਸ਼ਿਆਂ ਬਾਰੇ ਕਮਲ ਬੰਗਾ ਦਾ ਆਪਣਾ ਨਿਵੇਕਲਾ ਦ੍ਰਿਸ਼ਟੀਕੋਨ ਹੈ, ਜਿਸ ਨੂੰ ਉਸ ਕਾਵਿ ਸ਼ਬਦਾਂ ਰਾਹੀਂ ਬਿਆਨਿਆ ਹੈ। ਕਮਲ ਬੰਗਾ ਜਾਣਦਾ ਹੈ ਕਿ ਕਵਿਤਾ ਕੁਦਰਤੀ ਯਥਾਰਤ ਦਾ ਵਿਖਿਆਨ ਨਹੀਂ ਹੁੰਦਾ, ਨਾ ਹੀ ਇਹ ਆਵੇਸ਼ੀ ਉਲੱਥਾ ਹੁੰਦਾ ਹੈ, ਸਗੋਂ ਇਹ ਤਾਂ ਮਾਨਵੀਂ ਕਾਰਜ, ਵਿਵਹਾਰ, ਸਮਾਜਿਕ, ਦਾਰਸ਼ਨਿਕ ਸਮਝ ਦਾ ਹਿੱਸਾ ਹੁੰਦਾ ਹੈ। ਸਮਾਜ ਵਿੱਚ ਹਰ ਵੇਲੇ ਤੋਂ ਇਹ ਸੰਵਾਦ ਚਲਿਆ ਆ ਰਿਹਾ ਹੈ ਕਿ ਕਾਵਿ-ਰਚਨਾ ਦੀ ਸੂਰਤੀ ਦਿੱਖ ਮਹੱਤਵਪੂਰਨ ਹੈ ਜਾਂ ਸੀਰਤੀ ਸਿਰਜਨਾਤਮਕਤਾ। ਕਮਲ ਬੰਗਾ ਦੀ ਕਵਿਤਾ ਵਿੱਚ ਸੂਰਤੀ ਦਿੱਖ ਵੀ ਹੈ ਅਤੇ ਸੀਰਤੀ ਸਿਰਜਨਾਤਮਕਤਾ ਵੀ ਹੈ। ਉਹ ਵੇਗ ਵਿੱਚ ਕਵਿਤਾ ਲਿੱਖਦਾ ਹੈ, ਪਰ ਸੂਝ ਦਾ ਪੱਲਾ ਕਦੇ ਵੀ ਨਹੀਂ ਛੱਡਦਾ। ਉਹ ਭਾਵ-ਹੀਣ ਜਾਂ ਕਾਰਕ-ਹੀਣ ਕਵਿਤਾ ਨਹੀਂ ਰਚਦਾ ਸਗੋਂ ਹਾਲਾਤਾਂ ਵਿੱਚ ਸਿੱਧਾ ਪ੍ਰਵੇਸ਼ ਕਰਦਿਆਂ ਤਰਕਸੰਗਤ ਲੇਖਣੀ ਰਚਦਾ ਹੈ।

ਅਜੋਕੇ ਯੁੱਗ ਵਿੱਚ ਜਹਾਲਤ, ਅਨਿਆ, ਧੌਂਸ , ਦਲਾਲੀ ਰਿਸ਼ਤਵਖੋਰੀ, ਬਲਾਤਕਾਰ, ਲੁੱਚੇਪਣ, ਜ਼ੁਲਮ, ਤਸ਼ੱਦਦ, ਚੀਕ-ਪੁਕਾਰ, ਭੁੱਖ ਲੁੱਟ, ਭੋਗ, ਰੋਗ ਆਦਿ ਜਿਹੇ ਪਸ਼ੂ ਜੀਵਨ ਮੁੱਲਾਂ ਦੀ ਸੜਾਂਦ ਵਾਲੀ ਸਮਾਜਿਕ ਸਥਿਤੀ ਨੇ ਲੋਕਾਂ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ। ਕਮਲ ਬੰਗਾ ਸਮਾਜਿਕ ਕੁਰੀਤੀਆਂ ਨੂੰ ਆਪਣੀ ਨੁਕੀਲੀ ਕਲਮ ਨਾਲ ਕੁਰੇਦਦਾ ਹੈ। ਉਹ ਆਪਣੀ ਕਵਿਤਾ ਵਿੱਚ ਲੈਨਿਨ ਦੇ ਸਾਹਿਤ ਬਾਰੇ ਇੱਕ ਮਹੱਤਵਪੂਰਨ ਸੂਤਰ ਕਿ 'ਸਾਹਿਤ ਸਮਾਜ ਦਾ ਸ਼ੀਸ਼ਾ ਹੈ' ਨੂੰ ਹੀ ਰੂਪਮਾਨ ਨਹੀਂ ਕਰਦਾ, ਸਗੋਂ ਚਿੰਤਕ ਟਰਾਟਸਕੀ ਦੇ ਸਿਧਾਂਤ ਅਨੁਸਾਰ ਕਿ ਸਾਹਿਤ ਕੇਵਲ ਸ਼ੀਸ਼ਾ ਹੀ ਨਹੀਂ ਹਿੱਕ ਹਥੋੜਾ ਵੀ ਹੈ, ਅਨੁਸਾਰ ਆਪਣੀ ਲਿਖਤ(ਕਵਿਤਾ) ਨੂੰ ਸਾਧਦਾ ਹੈ, ਤਾਂ ਕਿ ਸਮਾਜਿਕ ਰਾਜਸੀ, ਸਭਿਆਚਾਰਕ ਵਿਗਾੜ ਠੀਕ ਹੋ ਸਕਣ।

ਕਵਿਤਾ ਵਿਚਲੀ ਉਸਦੀ ਬੋਲੀ ਵਿੱਚ ਲੋਹੜੇ ਦੀ ਰਵਾਨਗੀ ਹੈ। ਉਸਦੇ ਬੋਲਾਂ ਵਿੱਚ ਟੁਣਕਾਰ ਹੈ। ਉਸਦੇ ਸਧਾਰਨ ਬੋਲ-ਚਾਲ ਵਾਲੇ ਲੈ-ਮਈ ਸ਼ਬਦ ਉਸਦੀ ਸਧਾਰਨ ਲੋਕਾਂ ਤੱਕ ਸੌਖੀ ਪਹੁੰਚ ਬਨਾਉਣ 'ਚ ਸਹਾਈ ਹੁੰਦੇ ਹਨ। ਉਹ ਆਪਣੀ ਕਵਿਤਾ ਵਿੱਚ ਮਾਨਵੀ ਸੰਵਾਦ ਰਚਾਉਂਦਾ ਹੈ। ਉਹ ਕਵਿਤਾ ਨੂੰ ਆਵਾਜ਼ ਮਾਰਦਾ ਹੈ ਤਾਂ ਕਵਿਤਾ ਝੱਟਪੱਟ ਹੁੰਗਾਰਾ ਭਰਦੀ ਹੈ। ਉਸਦੀ ਕਵਿਤਾ ਚਾਹੇ ਉਹ ਗ਼ਜ਼ਲ ਰੂਪ ਵਿੱਚ ਹੈ ਜਾਂ ਕਵਿਤਾ ਰੂਪ ਵਿੱਚ, ਉਸ ਵਿੱਚ ਤੜਪ ਹੈ। ਉਸ ਵਿੱਚ ਵੇਗ ਹੈ। ਉਸ ਵਿੱਚ ਰੋਸਾ ਹੈ। ਉਸ ਵਿੱਚ ਉਲਾਂਬਾ ਹੈ। ਉਸ ਵਿੱਚ ਵੇਦਨਾ ਹੈ। ਉਸ ਵਿੱਚ ਕਾਟਵੀਂ ਸ਼ਕਤੀ ਹੈ। ਉਸ ਵਿੱਚ ਹਿੰਮਤ ਹੈ। ਉਸ ਵਿੱਚ ਵਿਸ਼ਵਾਸ ਹੈ। ਉਸ ਵਿੱਚ ਨਿਰੰਤਰਤਾ ਹੈ।

ਕਮਲ ਬੰਗਾ ਦੀ ਤੇਹਰਵੀਂ ਪੁਸਤਕ 'ਚੋਣਵੀਂ ਕਵਿਤਾ ਦੇ ਰੰਗ' ਕਲਾ ਕਲਾ ਲਈ ਨਹੀਂ ਸਗੋਂ ਕਲਾ ਲੋਕ-ਸਰੋਕਾਰਾਂ ਲਈ ਹੁੰਦੀ ਹੈ, ਦੀ ਤਰਜ਼ਮਾਨੀ ਕਰਨ ਵਾਲੀ ਪੁਸਤਕ ਹੈ। ਉਹ ਜਾਣਦਾ ਹੈ ਕਿ ਲੋਕ-ਜੀਵਨ ਅਤੇ ਕਲਾ ਨੂੰ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ, ਇਸ ਲਈ ਇਸੇ ਸਿਧਾਂਤ ਨੂੰ ਮਨ 'ਚ ਰੱਖ ਕਮਲ ਬੰਗਾ ਨੇ ਮਾਨਵ ਹਿਤੂ, ਆਪ-ਮੁਹਾਰੇ ਖੁੱਲ੍ਹੇ-ਡੁੱਲ੍ਹੇ ਕਾਵਿ ਵਾਕਾਂ 'ਚ ਕਵਿਤਾ ਲਿਖਕੇ ਪੰਜਾਬੀ ਸਾਹਿੱਤ ਦਾ ਖਜ਼ਾਨਾ ਭਰਪੂਰ ਕੀਤਾ ਹੈ। 'ਕਮਲ ਬੰਗਾ' ਦੀ ਤੇਹਰਵੀਂ ਪੁਸਤਕ 'ਚੋਣਵੀਂ ਕਵਿਤਾ ਦੇ ਰੰਗ' ਇੱਕ ਵਿਲੱਖਣ ਪੁਸਤਕ ਹੈ। ਸ਼ਾਲਾ! ਉਹ ਪੰਜਾਬੀ ਸਾਹਿੱਤ ਦੀਆਂ ਝੋਲੀਆਂ ਭਰਨ ਲਈ ਨਿਰੰਤਰ ਸੰਘਰਸ਼ਸ਼ੀਲ ਰਹੇ।


**ਪੁਸਤਕ ਦਾ ਨਾਮ:- ਮਾਨਵੀ ਗਲਤੀਆਂ ਅਤੇ ਉਨਾ ਦਾ ਸੁਧਾਰ (ਲੇਖ-ਕਵਿਤਾਵਾਂ)**
**ਲੇਖਕ ਦਾ ਨਾਮ:- ਮਾਸਟਰ ਨਿਰਮਲ ਸਿੰਘ ਲਾਲੀ**
**ਕੀਮਤ:- 200 ਰੁਪਏ**
**ਪ੍ਰਕਾਸ਼ਕ :- ਖੜਗ ਪ੍ਰਕਾਸ਼ਨ, ਲੁਧਿਆਣਾ**

ਨਿਰਮਲ ਸਿੰਘ ਲਾਲੀ ਦੀ ਪੁਸਤਕ 'ਮਾਨਵੀ ਗਲਤੀਆਂ ਅਤੇ ਉਨਾ ਦਾ ਸੁਧਾਰ' ਸਮਾਜ ਨੂੰ ਲੇਖਕ ਦੀ ਵੱਡੀ ਦੇਣ ਹੈ। ਪੁਸਤਕ ਵਿੱਚ ਸੌਖੀ, ਸਰਲ ਬੋਲੀ ਵਿੱਚ ਮਨੁੱਖ ਨਾਲ ਸਬੰਧਤ ਉਹਨਾ ਸਾਰੇ ਵਰਤਾਰਿਆਂ ਸਬੰਧੀ ਲੇਖਕ ਨੇ ਵਿਚਾਰ ਚਰਚਾ ਕੀਤੀ ਹੈ, ਜਿਹਨਾ ਪ੍ਰਤੀ ਮਨੁੱਖ ਦਿਨ ਪ੍ਰਤੀ ਦਿਨ, ਜੀਵਨ 'ਚ ਉਸਦੇ ਦਰਪੇਸ਼ ਹੁੰਦੇ ਹਨ। ਸਮਾਜਿਕ, ਨਾ-ਬਰਾਬਰੀ, ਔਰਤ-ਮਰਦ ਦੇ ਰਿਸ਼ਤਿਆਂ 'ਚ ਅਸਾਵਾਂਪਨ, ਔਰਤਾਂ ਦੀ ਸਮਾਜ 'ਚ ਦੁਰਦਸ਼ਾ, ਮਨੁੱਖੀ ਮਨ ਦੇ ਵਿਚਾਰ, ਪਤੀ-ਪਤਨੀ ਦੇ ਅਸਾਵੇਂ ਰਿਸ਼ਤਾ, ਔਰਤ-ਮਰਦ ਦੇ ਰੂਪ ਵਿੱਚ ਸ਼ਰੀਰਕ ਸ਼ੋਸ਼ਣ ਦੀ ਤਸਵੀਰ ਲੇਖਕ ਨੇ ਵਾਰਤਕ ਤੇ ਕਵਿਤਾ ਰੂਪ ਵਿੱਚ ਇਸ ਪੁਸਤਕ ਵਿੱਚ ਪੇਸ਼ ਕੀਤੀ ਹੈ। ਮਨੁੱਖੀ ਹਸਰਤਾਂ, ਮਨੁੱਖੀ ਬੇਬਸੀ, ਧਰਮ ਦੇ ਪਖੰਡੀ ਰੂਪ ਨੂੰ ਲੇਖਕ ਆਪਣੀ ਕਲਮ ਨਾਲ ਜਿਸ ਤਰਾਂ ਚਿਤਰਿਆ ਹੈ, ਉਸ ਲਈ ਸੱਚਮੁੱਚ ਲੇਖਕ ਵਧਾਈ ਦਾ ਪਾਤਰ ਹੈ।

ਗੱਲਾਂ-ਗੱਲਾਂ ਵਿੱਚ ਗੱਲਾਂ ਕਰੀ ਜਾਣਾ, ਮਨੁੱਖ ਦੇ ਨਾਲ ਸੰਵਾਦ ਕਰੀ ਜਾਣੀ, ਸੰਵਾਦ ਵਿਚੋਂ ਸਿੱਟੇ ਕੱਢੀ ਜਾਣਾ ਲੇਖਕ ਦੀ ਲਿਖਣ ਸ਼ੈਲੀ ਦਾ ਕਮਾਲ ਹੈ। ਲੇਖਕ ਅਨੁਸਾਰ ਮਨੁੱਖ, ਮਨੁੱਖੀ ਹਸਰਤਾਂ ਪੂਰੀਆਂ ਕਰਨ ਤੋਂ ਵਿਰਵੇ ਹਨ ਅਤੇ ਬੇਬਸੀ ਦੀ ਜ਼ਿੰਦਗੀ ਜੀਊਂਦੇ, ਨਿੱਕੇ ਨਿੱਕੇ ਟਿਮਟਮਾਉਂਦੇ ਤਾਰਿਆਂ ਤੋਂ ਰੌਸ਼ਨੀ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਹਨ। ਲੇਖਕ ਅਨੁਸਾਰ ਮਨੁੱਖੀ ਜ਼ਿੰਦਗੀ ਦਾ ਅਸਲ ਮੰਤਵ ਵੀ ਇਹੋ ਹੈ। ਸਿਰਫ ਖਾ-ਪੀ-ਹੰਡਾ ਕੇ, ਜ਼ਿੰਦਗੀ ਜੀਊਣ ਇਥੋਂ ਤੁਰ ਜਾਣਾ ਸੁਚੱਜੇ ਮਨੁੱਖ ਦਾ ਕਾਰਜ ਨਹੀਂ ਹੈ। ਲੇਖਕ ਕਹਿੰਦਾ ਹੈ ਕਿ ਕਰਮ-ਕਾਂਡ ਨੇ ਮਨੁੱਖੀ ਜ਼ਿੰਦਗੀ ਜੀਊਣੀ ਦੂਭਰ ਕਰ ਰੱਖੀ



ਗੁਰਮੀਤ ਪਲਾਹੀ
91-98158-02070




ਹੈ। ਲੋਕ ਆਪਣੀ ਬੋਲੀ, ਧਰਮ ਅਤੇ ਸਭਿਆਚਾਰ ਤੋਂ ਭਟਕ ਕੇ ਨਿਰਾਸ਼ਾ ਦੇ ਆਲਮ 'ਚ ਵਿਚਰ ਰਹੇ ਹਨ। ਉਂਜ ਵੀ ਪੂੰਜੀਵਤੀ ਸਮਾਜ ਵਿੱਚ ਰਿਸ਼ਤਿਆਂ ਦਾ ਜੋ ਨਵਾਂ ਰੂਪ ਸਿਰਜਿਆ ਜਾ ਰਿਹਾ ਹੈ, ਉਸ ਨਾਲ ਨੌਜਵਾਨਾਂ ਦੀ ਪੀੜੀ ਅਤੇ ਪੁਰਾਣੀ ਪੀੜੀ 'ਚ ਫਾਸਲਾ ਸਪਸ਼ਟ ਦਿਖ ਰਿਹਾ ਹੈ। ਲੋਕ ਅਸਤੁੰਸ਼ਟ ਵੀ ਹੋ ਰਹੇ ਹਨ ਪਰ ਨਵੀਂ ਸਵੇਰ ਦੀ ਉਡੀਕ ਵੀ ਕਰ ਰਹੇ ਹਨ। ਲੇਖਕ ਦੀ ਇਸ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ।

# ਭ੍ਰਿਸ਼ਟਾਚਾਰ ਨਾਲ ਨੱਕੋ-ਨੱਕ ਭਰੀ ਭਾਰਤੀ ਨੌਕਰਸ਼ਾਹੀ

**ਗੁਰਮੀਤ ਪਲਾਹੀ**

ਭਾਰਤੀ ਲੋਕਤੰਤਰ ਵਿੱਚ ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਹੈ। ਭ੍ਰਿਸ਼ਟਾਚਾਰ ਦਾ ਮੁੱਦਾ ਨਿੱਤ ਨਵੇਂ ਦਿਨ ਅਖ਼ਬਾਰਾਂ ਦੀਆਂ ਸੁਰਖੀਆਂ ਬਟੋਰਦਾ ਹੈ। ਦੇਸ਼ ਦੇ ਵੱਡੇ ਨੇਤਾਵਾਂ ਦਾ ਨਾਮ ਭ੍ਰਿਸ਼ਟਾਚਾਰ ਦੇ ਵੱਖੋ-ਵੱਖਰੇ ਮਾਮਲਿਆਂ 'ਚ ਛਪਦਾ ਹੈ। ਕਦੇ ਰਾਫੇਲ, ਕਦੇ ਚਾਰਾ, ਕਦੇ ਟੂ ਜੀ ਸਪੈਕਟਰਮ, ਕਦੇ ਕਾਮਨਵੈਲਥ ਗੇਮਜ਼ ਘੁਟਾਲੇ ਚਰਚਾ 'ਚ ਹਨ ਜਾਂ ਚਰਚਾ 'ਚ ਰਹੇ, ਪਰ ਨੌਕਰਸ਼ਾਹੀ ਦੇ ਕਾਰਨ ਜੋ ਭ੍ਰਿਸ਼ਟਾਚਾਰ ਆਮ ਲੋਕ ਹੰਢਾ ਰਹੇ ਹਨ, ਉਸ ਬਾਰੇ ਕਦੇ ਕੋਈ ਚਰਚਾ ਹੀ ਨਹੀਂ ਹੁੰਦੀ। ਰੋਜ਼ਾਨਾ ਜ਼ਿੰਦਗੀ ਵਿੱਚ ਲੋਕਾਂ ਨੂੰ ਵੱਖੋ-ਵੱਖਰੀਆਂ ਸਰਕਾਰੀ ਸਹੂਲਤਾਂ ਪ੍ਰਾਪਤ ਕਰਨ ਲਈ ਵੱਢੀ ਦੇਣੀ ਪੈਂਦੀ ਹੈ, ਇਸ ਕਾਰਨ ਮੁਸ਼ਕਲਾਂ ਝੱਲਣੀਆਂ ਪੈਂਦੀਆਂ ਹਨ। ਚੋਣਾਂ ਦੇ ਦੌਰਾਨ ਵੱਡੇ ਘੁਟਾਲੇ, ਘਪਲੇ, ਸਿਆਸੀ ਪਾਰਟੀਆਂ ਦੇ ਵਾਇਦੇ, ਬੇਰੁਜ਼ਗਾਰੀ, ਪਾਣੀਆਂ ਦੇ ਮਸਲੇ, ਭੁੱਖਮਰੀ ਦਿੱਤੀਆਂ ਜਾ ਰਹੀਆਂ ਸਰਕਾਰੀ ਸਹੂਲਤਾਂ ਮੁੱਦੇ ਬਣਦੇ ਹਨ, ਇਹਨਾ ਮੁੱਦਿਆਂ ਤੇ ਅਧਾਰਤ ਵੋਟਰਾਂ ਤੋਂ ਵੋਟ ਮੰਗੀ ਜਾਂਦੀ ਹੈ ਪਰ ਨੌਕਰਸ਼ਾਹੀ ਵਲੋਂ ਲੋਕਾਂ ਦੀ ਜੇਬਾਂ ਕੱਟਣ ਦਾ ਮੁੱਦਾ, ਕਦੇ ਵੀ ਚੋਣ ਮੁੱਦਾ ਨਹੀਂ ਬਣਦਾ! ਹਾਲਾਂਕਿ ਦੇਸ਼ 'ਚ ਨਿਤ ਪ੍ਰਤੀ ਦਾ ਇਹ ਨਿੱਕਾ ਜਿਹਾ, ਛੋਟਾ ਜਿਹਾ, ਵੱਢੀ-ਤੰਤਰ ਪੂਰੇ ਦੇਸ਼ ਵਿੱਚ ਨਿਰਾਸ਼ਾ ਅਤੇ ਬੇ-ਸਬਰੀ ਦਾ ਮਾਹੌਲ ਪੈਦਾ ਕਰ ਰਿਹਾ ਹੈ।

ਸਰਕਾਰੀ ਨੌਕਰੀ ਤੋਂ ਸੇਵਾ-ਮੁਕਤ ਹੋਏ ਕੁਝ ਇੱਕ ਨੌਕਰਸ਼ਾਹਾਂ ਨੇ ਦਸਤਖ਼ਤ ਕਰਕੇ ਇੱਕ ਮੰਗ ਪੱਤਰ ਦੇਸ਼ ਦੇ ਰਾਸ਼ਟਰਪਤੀ ਦੇ ਸਾਹਮਣੇ ਰੱਖਿਆ ਕਿ ਦੇਸ਼ ਦਾ ਚੋਣ ਕਮਿਸ਼ਨ, ਨਿਰਪੱਖਤਾ ਅਤੇ ਪਾਰਦਰਸ਼ਤਾ ਨਾਲ ਕੰਮ ਨਹੀਂ ਕਰ ਰਿਹਾ। ਉਹਨਾ ਕਿਹਾ ਕਿ ਚੋਣ ਕਮਿਸ਼ਨ ਦੀ ਇਹ ਕਾਰਵਾਈ ਲੋਕਤੰਤਰ ਲਈ ਵੱਡਾ ਖਤਰਾ ਹੈ। ਇਹ ਸੱਚ ਵੀ ਹੈ। ਪਰ ਇਹ ਨੌਕਰਸ਼ਾਹ, ਆਪਣੇ ਸਾਥੀ ਨੌਕਰਸ਼ਾਹਾਂ ਅਤੇ ਦੇਸ਼ ਦੀ ਬਾਬੂਸ਼ਾਹੀ ਵਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਪ੍ਰਤੀ ਅੱਖਾਂ ਮੀਟੀ ਬੈਠੇ ਹਨ, ਜਿਹਨਾ ਨੇ ਭਾਰਤੀ ਲੋਕਤੰਤਰ ਨੂੰ ਘੁਣ ਵਾਂਗਰ ਖਾਣਾ ਸ਼ੁਰੂ ਕੀਤਾ ਹੈ। ਇਸ ਨੌਕਰਸ਼ਾਹੀ, ਬਾਬੂਸ਼ਾਹੀ ਨੇ ਦੇਸ਼ ਦੀ ਨਿਆਪਾਲਿਕਾ ਨੂੰ ਵੀ ਨਹੀਂ ਬਖ਼ਸ਼ਿਆ, ਜਿਥੇ ਘੁਸਪੈਠ ਕਰਕੇ ਉਸ ਤੰਤਰ ਵਿੱਚ ਵੀ ਭ੍ਰਿਸ਼ਟਾਚਾਰੀ ਪ੍ਰਵਿਰਤੀ ਪੈਦਾ ਕਰ ਦਿੱਤੀ ਜਾਪਦੀ ਹੈ। ਜਿਸਦੀ ਉਦਾਹਰਨ ਵਜੋਂ ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਮੁੱਖ ਜੱਜ ਦੇ ਆਚਰਣ ਉਤੇ ਇੱਕ ਸਾਬਕਾ ਔਰਤ ਕਰਮਚਾਰਣ ਵਲੋਂ ਚਿੱਕੜ ਉਛਾਲਣ 'ਤੇ ਵੇਖੀ ਜਾ ਸਕਦੀ ਹੈ।

ਭਾਰਤੀ ਨਾਗਰਿਕਾਂ ਵਲੋਂ ਪੈਰ-ਪੈਰ 'ਤੇ ਭ੍ਰਿਸ਼ਟਾਚਾਰ ਦਾ ਸਾਹਮਣਾ ਕਰਨ ਦੀ ਸੱਮਸਿਆ ਬਹੁਤ ਵੱਡੀ ਹੈ। ਭ੍ਰਿਸ਼ਟਾਚਾਰ ਦਾ ਇਹ ਜਾਲ ਸਿਰਫ਼ ਪੁਲਸ ਤੰਤਰ ਵਿੱਚ ਨਹੀਂ, ਸਗੋਂ ਹਰੇਕ ਮਹਿਕਮੇ 'ਚ ਵੱਢੀ ਦੇਣਾ ਜਿਵੇਂ ਰਿਵਾਜ਼ ਹੀ ਬਣ ਗਿਆ ਹੈ। ਕੋਈ ਕੰਮ ਉਦੋਂ ਤੱਕ ਪੂਰਾ ਤੇ ਤਸੱਲੀ ਬਖ਼ਸ਼ ਹੋਇਆ ਨਹੀਂ ਗਿਣਿਆ ਜਾਂਦਾ, ਜਦੋਂ ਤੱਕ ਪੈਸੇ ਦਾ ਲੈਣ-ਦੇਣ ਨਾ ਕਰ ਲਿਆ ਜਾਵੇ। ਬੰਦਾ ਆਪਣੇ ਹੱਥ ਵਿੱਚ ਕੀਤੇ ਹੋਏ ਕੰਮ ਦਾ ਕਾਗਜ਼ ਚੁੱਕੀ ਫਿਰਦਾ ਹੈ, ਪਰ ਮਨਾਂ 'ਚ ਤਸੱਲੀ ਹੀ ਨਹੀ ਹੁੰਦੀ ਕਿ ਕੰਮ ਹੋ ਗਿਆ ਹੈ ਅਤੇ ਕੰਮ ਠੀਕ ਹੋ ਗਿਆ ਹੈ।

ਭਾਰਤੀ ਨੌਕਰਸ਼ਾਹ ਮੌਕਾ ਮਿਲਦਿਆਂ ਹੀ ਸਿਵਲ ਸਰਵਿਸ ਕੋਡ ਵਿੱਚ ਦਿੱਤੀ ਗਈਆਂ ਤਾਕਤਾਂ ਦੀ ਵਰਤੋਂ ਕੇਵਲ ਆਪਣੇ ਹਿੱਤ ਲਈ ਹੀ ਕਰਨ ਲੱਗੇ ਹਨ ਅਤੇ ਦੇਸ਼ ਦੀ ਗਰੀਬ ਜਨਤਾ ਦਾ ਸ਼ੋਸ਼ਣ ਕਰਨ ਦੇ ਨਾਲ-ਨਾਲ ਕਲਿਆਣਕਾਰੀ ਯੋਜਨਾਵਾਂ ਲਈ ਵੰਡੀ ਜਾਣ ਵਾਲੀ ਰਾਸ਼ੀ 'ਚ ਵੀ ਹੇਰਾ-ਫੇਰੀ ਕਰਨ ਲੱਗੇ ਹਨ। ਕੇਂਦਰ ਸਰਕਾਰ ਨੇ ਪਿਛਲੇ 4 ਸਾਲਾਂ ਵਿੱਚ ਆਈ ਏ ਐਸ ਅਫ਼ਸਰਾਂ ਵਿਰੁੱਧ ਸਿਰਫ਼ 23 ਕੇਸ 2015 ਤੋਂ 2018 ਦਰਮਿਆਨ ਦਰਜ਼ ਕੀਤੇ ਹਨ। ਸਾਲ 2015 'ਚ 16 ਕੇਸ 2016 'ਚ 3 ਕੇਸ ਅਤੇ 2017 ਵਿੱਚ ਚਾਰ ਕੇਸ ਦਰਜ਼ ਹੋਏ। ਦੇਸ਼ ਭਰ ਵਿੱਚ ਆਈ ਏ ਐਸ ਅਫ਼ਸਰ ਦੀ ਗਿਣਤੀ ਇਸ ਵੇਲੇ 5000 ਹੈ। ਇਸ ਦੌਰਾਨ ਸਿਰਫ਼ ਤਿੰਨ ਆਈ ਪੀ ਐਸ ਅਫ਼ਸਰਾਂ ਅਤੇ 22 ਭਾਰਤੀ ਰੈਵਿਨਿਊ ਅਫ਼ਸਰਾਂ (ਆਈ ਆਰ ਐਸ) ਉਤੇ ਕੇਸ ਦਰਜ਼ ਹੋਏ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਭ੍ਰਿਸ਼ਟਾਚਾਰੀ ਕਾਰਵਾਈਆਂ ਲਈ ਰੰਗੇ ਹੱਥ ਫੜੇ ਜਾਣ ਤੇ ਵੀ ਨੌਕਰਸ਼ਾਹਾਂ ਉਤੇ ਮੁਕੱਦਮਾ ਚਲਾਉਣ ਲਈ ਸਰਕਾਰ ਦੀ ਮਨਜ਼ੂਰੀ ਲੋੜੀਂਦੀ ਹੁੰਦੀ ਹੈ। ਸੋ ਸਿਰਫ਼ ਇਸ ਸਮੇਂ ਦੌਰਾਨ ਚਾਰ ਆਈ ਏ ਐਸ, ਇੱਕ ਆਈ ਪੀ ਐਸ ਅਤੇ 8 ਆਈ ਆਰ ਐਸ ਅਫ਼ਸਰ ਹੀ ਨੌਕਰੀ ਤੋਂ ਕੱਢੇ ਗਏ।

ਭਾਰਤ ਦੇ ਇੱਕ ਨੌਕਰਸ਼ਾਹ ਅਤੇ ਸਾਬਕਾ ਚੀਫ ਵਿਜੀਲੈਂਸ ਕਮਿਸ਼ਨਰ ਐਨ ਵਿਠੁਲ ਦਾ ਕਹਿਣਾ ਸੀ ਕਿ ਨੌਕਰਸ਼ਾਹ ਸਿਆਸਤਦਾਨਾਂ ਤੋਂ ਵੀ ਵਧ ਭ੍ਰਿਸ਼ਟ ਹਨ, ਕਿਉਂਕਿ ਰਾਜ ਨੇਤਾਵਾਂ ਨੂੰ ਤਾਂ ਜਨਤਾ ਇੱਕ ਨੀਯਤ ਸਮੇਂ ਤੋਂ ਬਾਅਦ ਹਟਾ ਸਕਦੀ ਹੈ ਪਰ ਨੌਕਰਸ਼ਾਹ ਪੂਰੇ ਸੇਵਾ ਕਾਲ ਤੱਕ ਭ੍ਰਿਸ਼ਟਾਚਾਰ ਕਰਦਾ ਰਹਿੰਦਾ ਹੈ। ਨੌਕਰਸ਼ਾਹਾਂ 'ਚ ਖਾਸ ਕਰਕੇ ਪੁਲਿਸ ਵਿੱਚ ਭ੍ਰਿਸ਼ਟਾਚਾਰ ਦੀ ਵੱਧ ਰਹੀ ਪ੍ਰਵਿਰਤੀ ਦੇ ਮੱਦੇਨਜ਼ਰ ਇਸ ਸਮੱਸਿਆ ਨੂੰ ਸਮਝਦਿਆਂ ਇੱਕ ਵੱਡੇ ਪੁਲਿਸ ਅਧਿਕਾਰੀ ਪ੍ਰਕਾਸ਼ ਸਿੰਘ ਨੇ ਉੱਚ ਨਿਆਂਪਾਲਿਕਾ ਵਿੱਚ ਪੁਲਿਸ ਸੁਧਾਰ ਲਈ 2006 ਵਿੱਚ ਇੱਕ ਰਿੱਟ ਦਾਖਲ ਕੀਤਾ ਸੀ, ਜਿਸ ਨੂੰ ਸਵੀਕਾਰ ਕਰਦਿਆਂ ਦੇਸ਼ ਦੀ ਸੁਪਰੀਮ ਕੋਰਟ ਨੇ ਅੰਗਰੇਜ਼ਾਂ ਵਲੋਂ ਲਾਗੂ ਪੁਲਿਸ ਐਕਟ, 1861 ਵਿੱਚ ਤਬਦੀਲੀ ਅਤੇ ਸੁਧਾਰਾਂ ਲਈ ਸਰਕਾਰ ਨੂੰ ਹੁਕਮ ਦਿੱਤੇ,ਤਾਂ ਕਿ ਪੁਲਿਸ ਦੇ ਸਾਮੰਤਵਾਦੀ ਢਾਂਚੇ ਦੀ ਵਿਜਾਏ ਇਹ ਢਾਂਚਾ ਲੋਕਤੰਤਰਿਕ ਹੋ ਸਕੇ। ਪਰੰਤੂ ਸਰਵਿਸ ਕੋਡ ਬਦਲਣ ਲਈ ਸਰਕਾਰ ਵਲੋਂ ਕੋਈ ਵੀ ਉਪਰਾਲੇ ਨਹੀਂ ਕੀਤੇ ਗਏ।

ਆਈ ਏ ਐਸ ਅਫ਼ਸਰ ਦੇਸ਼ ਦੇ ਨੌਕਰਸ਼ਾਹਾਂ ਦੀ ਰੀੜ੍ਹ ਦੀ ਹੱਡੀ ਹਨ, ਜਿਹੜੇ ਦੇਸ਼ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਉਹਨਾ ਜ਼ੁੰਮੇ ਦੇਸ਼ ਦੇ ਵਿਕਾਸ, ਲੋਕ ਦੇ ਕਲਿਆਣ ਦੀਆਂ ਯੋਜਨਾਵਾਂ ਬਨਾਉਣ ਦਾ ਵੱਡਾ ਕੰਮ ਹੁੰਦਾ ਹੈ। ਬਿਨ੍ਹਾਂ ਸ਼ੱਕ ਉਹਨਾ ਨੇ ਦੇਸ਼ ਦੇ ਸਿਆਸਤਦਾਨਾਂ ਦੇ ਇਸ਼ਾਰਿਆਂ ਉਤੇ ਕੰਮ ਕਰਨਾ ਹੁੰਦਾ ਹੈ, ਪਰ ਸੰਵਿਧਾਨ ਵਿੱਚ ਮਿਲੇ ਅਤੇ ਸਰਕਾਰ ਦੇ ਕੰਮ ਕਾਜ ਚਲਾਉਣ ਲਈ ਮਿਲੇ ਅਧਿਕਾਰਾਂ ਦੀ ਵਰਤੋਂ ਵਿਧੀਪੂਰਵਕ ਕਰਨ ਦਾ ਵੱਡਾ ਜ਼ੁੰਮਾ ਇਹਨਾਂ ਅਫ਼ਸਰਾਂ ਹੱਥ ਹੀ ਹੁੰਦਾ ਹੈ, ਜਿਸ ਤੋਂ ਬਹੁਤੀ ਵੇਰ ਇਹ ਵੱਡੇ ਅਫ਼ਸਰ ਸਿਆਸੀ ਦਖ਼ਲ ਅੰਦਾਜ਼ੀ ਜਾਂ ਲਾਲਚ ਬੱਸ ਹੋ ਕੇ ਥਿੜਕ ਜਾਂਦੇ ਹਨ। 2014 ਵਿੱਚ ਭ੍ਰਿਸ਼ਟਾਚਾਰ ਦਾ ਮੁੱਦਾ ਉਚਾਈਆਂ ਉਤੇ ਸੀ, ਜਿਸ ਵਿੱਚ ਨੌਕਰਸ਼ਾਹਾਂ ਤੇ ਸਿਆਸਤਦਾਨਾਂ ਦੀ ਕੁਝ ਮਸਲਿਆਂ ਵਿੱਚ ਸ਼ਮੂਲੀਅਤ ਵੇਖਣ ਨੂੰ ਮਿਲੀ ਸੀ। ਨਵੀਂ ਸਰਕਾਰ ਦੇ ਗਠਨ ਵੇਲੇ ਇਹ ਆਸ ਸੀ ਕਿ ਇਹ ਘਪਲੇ ਨੰਗੇ ਹੋਣਗੇ, ਨੌਕਰਸ਼ਾਹਾਂ ਨੂੰ ਮਿਸਾਲੀ ਸਜ਼ਾ ਮਿਲੇਗੀ, ਪਰ ਆਰ ਟੀ ਆਈ ਦੇ ਭ੍ਰਿਸ਼ਟਾਚਾਰ ਨਾਲ ਲੜਨ ਵਾਲੇ ਇੱਕ ਵਲੰਟੀਅਰ ਗੋਪਾਲ ਪ੍ਰਸ਼ਾਦ ਅਨੁਸਾਰ ਯੂ.ਪੀ.ਏ. ਦੀ ਸਰਕਾਰ ਵਾਂਗਰ ਹੀ ਐਨ ਡੀ ਏ ਦੀ ਮੋਦੀ ਸਰਕਾਰ ਵੀ ਨੌਕਰਸ਼ਾਹਾਂ ਦੇ ਭ੍ਰਿਸ਼ਟਾਚਾਰ ਮਾਮਲਿਆਂ ਨੂੰ ਨੱਥ ਨਹੀਂ ਪਾ ਸਕੀ।

ਆਈ ਏ ਐਸ ਅਧਿਕਾਰੀਆਂ ਵਲੋਂ ਵੱਡੇ ਸਿਆਸਤਦਾਨਾਂ ਵਾਂਗਰ ਆਮਦਨ ਤੋਂ ਵੱਧ ਜਾਇਦਾਦ ਬਨਾਉਣ ਦੀਆਂ ਖ਼ਬਰਾਂ ਚਰਚਾ ਵਿੱਚ ਰਹਿੰਦੀਆਂ ਹਨ। ਸਿਆਸਤਦਾਨ ਤਾਂ ਆਪਣੀ ਆਮਦਨ ਦਾ ਬਿਉਰਾ ਪੰਜ ਸਾਲਾਂ ਬਾਅਦ ਚੋਣ ਲੜਨ ਵੇਲੇ ਇੱਕ ਘੋਸ਼ਣਾ ਪੱਤਰ ਰਾਹੀਂ ਜਨਤਕ ਕਰਦੇ ਹਨ। ਪਰ ਸਾਲ 2017 ਅਤੇ 2018 ਵਿੱਚ ਦੇਸ਼ ਦੇ 80 ਆਈ ਏ ਐਸ ਅਫ਼ਸਰਾਂ ਨੇ ਆਪਣੀ ਚੱਲ-ਅਚੱਲ ਜਾਇਦਾਦ ਸਬੰਧੀ ਘੋਸ਼ਣਾ ਹੀ ਨਹੀਂ ਕੀਤੀ ਅਤੇ ਨਾ ਹੀ ਦੇਸ਼ ਦੇ ਵਿਜੀਲੈਂਸ ਵਿਭਾਗ ਤੋਂ ਕੋਈ ਇਤਰਾਜ ਨਹੀਂ ਦਾ ਸਰਟੀਫੀਕੇਟ ਪ੍ਰਾਪਤ ਕੀਤਾ। ਹੈਰਾਨੀ ਵਾਲੀ ਗੱਲ ਤਾਂ ਇਹ ਵੀ ਹੈ ਨੌਕਰਸ਼ਾਹਾਂ ਵਿਰੁੱਧ ਸੀ ਬੀਆਈ ਵਲੋਂ 2017 ਵਿੱਚ 632 ਕੇਸ ਭ੍ਰਿਸ਼ਟਾਚਾਰ ਦੇ ਦਰਜ਼ ਹੋਏ ਜਦਕਿ 2016 'ਚ ਇਹ ਗਿਣਤੀ 673 ਅਤੇ 2015 'ਚ ਇਹ ਗਿਣਤੀ 617 ਸੀ। ਭਾਵੇਂ ਕਿ ਅਨੁਸੂਚਿਤ ਜਾਤੀਆਂ ਦੇ ਵਜ਼ੀਫਿਆਂ 'ਚ ਘੁਟਾਲੇ, ਪ੍ਰਸ਼ਨ ਪੱਤਰ ਲੀਕੇਜ ਅਤੇ ਹੋਰ ਭ੍ਰਿਸ਼ਟਾਚਾਰੀ ਮਾਮਲਿਆਂ ਵਿੱਚ ਕੁਝ ਆਈ ਏ ਐਸ ਅਫ਼ਸਰਾਂ ਵਿਰੁੱਧ ਐਫ ਆਈ ਆਰ ਦਰਜ ਹੋਈਆਂ। ਚਾਰਾ ਘੁਟਾਲੇ ਦੇ ਮਾਮਲੇ 'ਚ ਲਾਲੂ ਪ੍ਰਸ਼ਾਦ ਯਾਦਵ ਦੇ ਨਾਲ ਨੌਕਰਸ਼ਾਹਾਂ ਦੇ ਨਾਮ ਵੀ ਜੁੜੇ। ਪਰ ਕਈ ਹਾਲਤਾਂ 'ਚ ਇਹਨਾ ਅਫ਼ਸਰਾਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਦੇਸ਼ ਦੇ ਸ਼ਾਸ਼ਨ ਤੰਤਰ ਦੀ ਮੁੱਖ ਧੁਰੀ ਨੌਕਰਸ਼ਾਹੀ ਦੇ ਕਾਰਨ ਦੇਸ਼ ਦੇ ਮਾਣ-ਸਨਮਾਨ ਅਤੇ ਅਰਥ ਵਿਵਸਥਾ ਨੂੰ ਸਮੇਂ ਸਮੇਂ ਬਹੁਤ ਧੱਕਾ ਲੱਗਿਆ ਹੈ। ਦੇਸ਼ ਦੇ ਕੋਲ ਕੁਦਰਤੀ ਸਾਧਨ ਹਨ, ਪਰ ਇਹ ਸਾਧਨ ਨੌਕਰਸ਼ਾਹਾਂ ਦੀਆਂ ਭ੍ਰਿਸ਼ਟਾਚਾਰੀ ਪ੍ਰਵਿਰਤੀਆਂ ਦੀ ਭੇਂਟ ਚੜ੍ਹ ਰਹੇ ਹਨ। ਰੇਤ ਬਜ਼ਰੀ, ਖਣਣ, ਜੰਗਲਾਂ ਦੀ ਸਸਤੇ ਭਾਅ ਕਟਾਈ, ਬੁਨਿਆਦੀ ਢਾਂਚੇ ਦੀ ਉਸਾਰੀ 'ਚ ਉਪਰੋਂ ਹੇਠਾਂ ਤੱਕ ਕਮਿਸ਼ਨਾਂ ਤਹਿ ਹੋਣਾ ਇਸ ਦੀਆਂ ਉਦਾਹਰਨਾਂ ਹਨ। ਸਿੱਟੇ ਵਜੋਂ ਦੇਸ਼ ਗਰੀਬੀ, ਬੇਰੁਜ਼ਗਾਰੀ ਅਤੇ ਨਿਰਾਸ਼ਤਾ ਦੇ ਆਲਮ ਵਿੱਚ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਵੱਡੀਆਂ ਵੱਡੀਆਂ ਤਨਖਾਹਾਂ ਲੈਣ ਵਾਲੇ ਨੌਕਰਸ਼ਾਹ ਜਦੋਂ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ 'ਚ ਲਿਪਤ ਹੋ ਜਾਂਦੇ ਹਨ ਕੀ ਇਹ ਲੋਕਤੰਤਰ ਨਾਲ ਵਿਸ਼ਵਾਸਘਾਤ ਨਹੀਂ, ਇਮਾਨਦਾਰੀ ਨਾਲ ਕੰਮ ਕਰਨ ਦੀ ਸਹੁੰ ਖਾਕੇ ਬੇਈਮਾਨੀ ਵਾਲੇ ਕੰਮ ਕਰਨੇ ਸੰਵਿਧਾਨ ਦੀ ਉਲੰਘਣਾ ਨਹੀਂ? ਪਰ ਇਸ ਉਲੰਘਣਾ, ਇਸ ਵਿਸ਼ਵਾਸਘਾਤ ਦੀ ਕੋਈ ਸਿਆਸੀ ਧਿਰ ਗੱਲ ਨਹੀਂ ਕਰਦੀ। ਨਾ ਹੀ ਨੌਕਰਸ਼ਾਹਾਂ ਹੱਥੋ ਦੇਸ਼ ਨੂੰ ਲੁੱਟੇ ਜਾਣ ਦੀ ਗੱਲ ਕਰਨ ਦੀ ਜੁਰੱਅਤ ਕਰ ਰਹੀ ਹੈ ਅਤੇ ਨਾ ਹੀ ਕਿਸੇ ਸਿਆਸੀ ਧਿਰ ਕੋਲ ਦੇਸ਼ ਦੀ ਬੇਲਗਾਮ ਹੋ ਚੁੱਕੀ ਨੌਕਰਸ਼ਾਹੀ ਨੂੰ ਨੱਥ ਪਾਉਣ ਦੀ ਕੋਈ ਯੋਜਨਾ ਹੈ। ਭਾਜਪਾ ਨੇ 2014 'ਚ ਵਿਦੇਸ਼ਾਂ 'ਚ ਜਮ੍ਹਾਂ ਕਾਲਾ ਧਨ ਵਾਪਿਸ ਲਿਆਉਣ ਅਤੇ ਦੇਸ਼ ਵਿਚੋਂ ਭ੍ਰਿਸ਼ਟਾਚਾਰ ਖਤਮ ਕਰਨ ਦਾ ਵਾਅਦਾ ਕੀਤਾ, ਪਰ ਉਸਨੇ ਕੋਈ ਇਕ ਵੀ ਯੋਜਨਾ ਇਹੋ ਜਿਹੀ ਨਹੀਂ ਬਣਾਈ, ਜਾ ਦੱਸੀ, ਜਿਸਦੇ ਨਾਲ ਕਾਲਾ ਧਨ ਬਾਹਰੋਂ ਲਿਆਂਦਾ ਜਾ ਸਕੇ ਜਾਂ ਦੇਸ਼ ਵਿਚੋਂ ਭ੍ਰਿਸ਼ਟਾਚਾਰ ਖਤਮ ਹੋ ਸਕੇ।

ਅੱਜ ਲੋੜ ਦੇਸ਼ ਵਿਚੋਂ ਹੇਠਲੇ ਪੱਧਰ ਤੇ ਭ੍ਰਿਸ਼ਟਾਚਾਰ ਖਤਮ ਕਰਨ ਦੀ ਹੈ। ਲੋੜ ਇਸ ਗੱਲ ਦੀ ਵੀ ਹੈ ਕਿ ਭ੍ਰਿਸ਼ਟਾਚਾਰ ਮੁਕਤੀ ਲਈ ਕੋਈ ਰੋਡ ਮੈਪ ਤਿਆਰ ਹੋਵੇ ਜੋ ਜਨਤਾ ਦੇ ਸਾਹਮਣੇ ਸਿਆਸੀ ਪਾਰਟੀਆਂ ਰੱਖਣ। ਲੋਕ ਸਭਾ ਦੀ ਚੋਣ ਦੇ ਸਮੇਂ ਨੌਕਰਸ਼ਾਹਾਂ ਦੇ ਭ੍ਰਿਸ਼ਟਾਚਾਰ ਦੇ ਮੁੱਦੇ ਉਤੇ ਸਰਗਰਮ ਬਹਿਸ ਹੋਣੀ ਹੀ ਚਾਹੀਦੀ ਹੈ।

# L.A. MERCHANDISE

## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

**500 N. Palora Ave. Yuba City, CA 95991**

Loose Fabrics, Groceries, Blankets, Vegetables

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ






New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

## ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ



Baksho Kaur Bisla Hardev Singh Bisla

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

**530-671-0439, Fax 530-822-0439 Cell- 530-844-3250**

**Buy 5 get 1 free**

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

## Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial
Lease • Investment Property and Land

Serving in Greater Sacramento area since 2004



**Cell: 916-628-2210**

**Fax: 916-745-3424**

**Office: 916-285-1000**

Email : Dil.Realtor@gmail.com

2081 Arena Blvd # 100 Sacramento, CA 95834

# Chicago's Pizza with a Twist









Parvinder Dhesi    Kulwant Sandhu

**1471 B St., Unit B, Livingston, CA 95334**

# ਇੱਕ ਪਿੰਡ ਮੇਰਾ ਵੀ ..



ਜਗਜੀਤ ਸਿੰਘ ਗਣੇਸ਼ਪੁਰ
91-94655-76022

ਕਹਿੰਦੇ ਹਨ ਕਿ ਪੰਜਾਬ ਪਿੰਡਾਂ ਵਿੱਚ ਵੱਸਦਾ ਹੈ, ਜੇ ਕਿਸੇ ਨੇ ਪੰਜਾਬ ਦੇ ਅਮੀਰ ਸਭਿਆਚਾਰ ਅਤੇ ਵਿਰਾਸਤ ਨੂੰ ਜਾਣਨਾ ਹੋਵੇ ਤਾਂ ਉਹ ਪੰਜਾਬ ਦੇ ਪਿੰਡਾਂ ਦੇ ਜੀਵਨ ਨੂੰ ਨੇੜੇ ਹੋ ਕੇ ਦੇਖੇ। ਅੱਜ ਮੈਂ ਅਜਿਹੇ ਹੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਬਲਾਕ ਵਿੱਚ ਸਥਿਤ ਪਿੰਡ ਭਾਰਟਾ ਗਣੇਸ਼ਪੁਰ ਦੇ ਬਾਰੇ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ। ਗਣੇਸ਼ਪੁਰ ਭਾਰਟਾ ਜਾਂ ਭਾਰਟਾ ਗਣੇਸ਼ਪੁਰ ਇਹ ਦੋ ਪਿੰਡਾਂ ਦਾ ਸਾਂਝਾ ਨਾਮ ਹੈ ਜੋ ਕਿ ਮਾਹਿਲਪੁਰ ਫਗਵਾੜਾ ਸੜਕ ਤੇ ਸਥਿਤ ਹੈ। ਇਸ ਪਿੰਡ ਦੀ ਮਾਹਿਲਪੁਰ ਤੋਂ ਦੂਰੀ ਚਾਰ ਕਿੱਲੋਮੀਟਰ ਹੈ।

ਇਹ ਪਿੰਡ ਮੁੱਖ ਤੌਰ ਤੇ ਬਾਬਾ ਲੱਖੋਂ ਜੀ ਕਰਕੇ ਬਹੁਤ ਪ੍ਰਸਿੱਧ ਹੈ। ਬਾਬਾ ਕਾਲੂ ਜੀ ਜੋ ਬਾਬਾ ਲੱਖੋ ਜੀ ਦੇ ਗੁਰ ਭਾਈ ਸਨ ਅਤੇ ਉਹ ਪਚਨੰਗਲਾ ਪਿੰਡ ਜੋ ਕਿ ਇਸ ਪਿੰਡ ਤੋਂ ਨੌਂ ਕਿੱਲੋਮੀਟਰ ਦੀ ਦੂਰੀ ਤੇ ਸਥਿਤ ਹੈ, ਵਿਖੇ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਜੀ ਦੇ ਪਵਿੱਤਰ ਸਰੋਵਰ ਦੀ ਨਕਲ ਵਿੱਚ ਉਸੇ ਸ਼ਕਲ ਦਾ ਤਲਾਬ ਬਣਾ ਕੇ ਆਮ ਲੋਕਾਂ ਨੂੰ ਗੁਮਰਾਹ ਕਰ ਰਿਹਾ ਸੀ ਜਿਸ ਕਾਰਨ ਇਲਾਕੇ ਦੀ ਸੰਗਤ ਵਿੱਚ ਉਸ ਦੇ ਖ਼ਿਲਾਫ਼ ਕਾਫ਼ੀ ਰੋਸ ਸੀ ਅਤੇ ਸਿੱਖਾਂ ਨੇ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਪਾਸ ਸ਼ਿਕਾਇਤ ਕੀਤੀ। ਗੁਰੂ ਜੀ ਕੀਰਤਪੁਰ ਸਾਹਿਬ ਨੂੰ ਜਾਂਦੇ ਹੋਏ, ਪੁਰਹੀਰਾਂ ਤੋਂ ਪਿੰਡ ਗੋਂਦਪੁਰ ਵਿਖੇ ਗੁਰਦੁਆਰਾ ਟਾਹਲੀ ਸਾਹਿਬ ਦੇ ਅਸਥਾਨ ਤੇ ਆਏ। ਗੁਰੂ ਜੀ ਦੇ ਆਦੇਸ਼ ਮੁਤਾਬਿਕ ਸਿੱਖ ਨੇ ਬਾਬਾ ਕਾਲੂ ਨੂੰ ਫੜ੍ਹ ਕੇ ਗੁਰੂ ਸਾਹਿਬ ਕੋਲ ਲਿਆਂਦਾ। ਬਾਬਾ ਲੱਖੋ ਜੀ ਗੁਰੂ ਸਾਹਿਬਾਨ ਜੀ ਦੇ ਸ਼ਰਧਾਵਾਨ ਸੇਵਕ ਸਨ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਘੋੜਿਆਂ ਵਾਸਤੇ ਟਾਹਲੀ ਦੇ ਖੁੰਡ ਗੱਡੇ ਜੋ ਹਰੇ ਹੋ ਕੇ ਦਰੱਖਤ ਬਣ ਗਏ ਜੋ ਅੱਜ ਵੀ ਮੌਜੂਦ ਹਨ। ਉਸ ਸਮੇਂ ਬਾਬਾ ਲੱਖੋ ਜੀ ਨੇ ਬਾਬਾ ਕਾਲੂ ਨੂੰ ਗੁਰੂ ਸਾਹਿਬ ਪਾਸ ਬੇਨਤੀ ਕਰਕੇ ਛੁਡਵਾਇਆ ਅਤੇ ਅੱਗੇ ਤੋਂ ਗ਼ਲਤ ਪ੍ਰਚਾਰ ਕਰਨ ਤੋਂ ਵਰਜਿਆ। ਉਸ ਸਮੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਬਾਬਾ ਲੱਖੋ ਜੀ ਨੂੰ ਵਰ ਦਿੱਤਾ ਕਿ ਜੋ ਵੀ ਪ੍ਰਾਣੀ ਸ਼ਰਧਾ ਨਾਲ ਇਸ ਅਸਥਾਨ ਤੇ ਆਵੇਗਾ ਉਸ ਦੇ ਸਾਰੇ ਕਾਰਜ ਰਾਸ ਹੋਣਗੇ। ਇਸ ਸਥਾਨ ਤੇ ਹਰ ਸੋਮਵਾਰ ਮੇਲਾ ਭਰਦਾ ਹੈ। ਇੱਕ ਬਹੁਤ ਹੀ ਸੁੰਦਰ ਗੇਟ ਬਾਬਾ ਜੀ ਦੀ ਯਾਦ ਵਿੱਚ ਬਣਵਾਇਆ ਗਿਆ ਹੈ।

ਬਾਬਾ ਲੱਖੋ ਜੀ ਦੇ ਸਥਾਨ ਦੇ ਬਿਲਕੁਲ ਸਾਹਮਣੇ ਗੁਰਦੁਆਰਾ ਥੜ੍ਹਾ ਸਾਹਿਬ ਹੈ, ਜੋ ਕਿ ਛੇਵੇ ਪਾਤਸ਼ਾਹ ਜੀ ਦੇ ਇਸ ਇਲਾਕੇ ਵਿੱਚ ਆਉਣ ਦੀ ਯਾਦ ਵਜੋਂ ਉਸਾਰਿਆ ਗਿਆ ਹੈ ਜਿੱਥੇ ਕਿ ਹਰ ਸਾਲ ਫਰਵਰੀ ਮਹੀਨੇ ਨਗਰ ਕੀਰਤਨ ਸਜਾਇਆ ਜਾਂਦਾ ਹੈ। ਹਰ ਸਾਲ ਵਿਸਾਖੀ ਦਾ ਮੇਲਾ ਵੀ ਬੜੀ ਸ਼ਰਧਾ ਭਾਵਨਾ ਨਾਲ ਦੋਨਾਂ ਹੀ ਸਥਾਨਾਂ ਤੇ ਮਨਾਇਆ ਜਾਂਦਾ ਹੈ। ਇਸ ਹੀ ਪਿੰਡ ਵਿੱਚ ਡੇਰਾ ਸੰਤ ਬਾਬਾ ਮਾਹਨ ਦਾਸ ਜੀ ਵੀ ਸਥਿਤ ਹੈ, ਜਿੱਥੇ ਹਰੇਕ ਸਾਲ ਸੰਤਾਂ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਨਗਰ ਕੀਰਤਨ ਸਜਾਇਆ ਜਾਂਦਾ ਹੈ ਅਤੇ ਧਾਰਮਿਕ ਦੀਵਾਨਾ ਵਿੱਚ ਸੰਗਤਾਂ ਦੂਰ-ਦੁਰਾਡੇ ਤੋਂ ਆ ਕੇ ਆਪਣੀ ਹਾਜ਼ਰੀ ਭਰਦੀਆਂ ਹਨ।

ਇਸ ਪਿੰਡ ਨੂੰ ਮਾਣ ਹੈ ਕਿ ਇਸ ਪਿੰਡ ਦੇ ਦੋ ਅਜ਼ਾਦੀ ਘੁਲਵਾਈਏ ਵੀ ਹੋਏ ਜੋ ਕਿ ਬੱਬਰ ਅਕਾਲੀ ਲਹਿਰ ਨਾਲ ਜੁੜੇ ਰਹੇ। ਭਾਈ ਵਤਨ ਸਿੰਘ ਜੀ ਵਲਦ ਦੇਵਾ ਸਿੰਘ ਜੀ ਵਾਸੀ ਗਣੇਸ਼ਪੁਰ ਅਤੇ ਭਾਈ ਠਾਕਰ ਸਿੰਘ ਜੀ ਵਲਦ ਮਯਾ ਸਿੰਘ ਜੀ ਵਾਸੀ ਭਾਰਟਾ ਦੋਵੇਂ ਸੱਜਣ ਬੱਬਰ ਅਕਾਲੀਆਂ ਦੀ ਦਿਲੋਂ ਸੇਵਾ ਕਰਦੇ ਰਹੇ ਤੇ ਇਨ੍ਹਾਂ ਨੇ ਅਸਲੇ ਬੰਬ ਆਦਿ ਚੀਜ਼ਾਂ ਦੀ ਸੇਵਾ ਕਾਫ਼ੀ ਕੀਤੀ। ਇਸ ਜੁਰਮ ਵਿੱਚ ਦੋਵੇਂ ਫੜੇ ਗਏ। ਇਨ੍ਹਾਂ ਦੋਵਾਂ ਅਜ਼ਾਦੀ ਘੁਲਾਟੀਆਂ ਦਾ ਜ਼ਿਕਰ ਸ਼ਰੋਮਣੀ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਕ ਕਿਤਾਬ 'ਬੱਬਰ ਅਕਾਲੀ ਲਹਿਰ ਅਤੇ ਇਸ ਦੇ ਆਗੂ' ਕਿਤਾਬ ਵਿੱਚ ਵੀ ਪੜ੍ਹਨ ਨੂੰ ਮਿਲਦਾ ਹੈ।

ਪਿੰਡ ਦੇ ਪ੍ਰਵਾਸੀ ਵੀਰਾਂ ਨੇ ਪਿੰਡ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ । ਇਹ ਪ੍ਰਵਾਸੀ ਦੇਸ਼ ਦੀ ਅਜ਼ਾਦੀ ਦੇ ਸਮੇਂ ਤੋਂ ਪਹਿਲਾ ਹੀ ਕੀਨੀਆ, ਫਿਜ਼ੀ, ਅਰਜਨਟੀਨਾ, ਪਨਾਮਾ, ਕੈਨੇਡਾ, ਯੂ.ਐੱਸ.ਏ , ਇੰਗਲੈਂਡ ਅਤੇ ਸਿੰਘਾਪੁਰ ਆਦਿ ਦੇਸ਼ਾਂ ਵਿੱਚ ਆਪਣੇ ਸੁਨਹਿਰੀ ਭਵਿੱਖ ਲਈ ਜਾ ਵਸੇ, ਇਨ੍ਹਾਂ ਪ੍ਰਵਾਸੀ ਪੰਜਾਬੀਆ ਦੀ ਯਾਦ ਵਿੱਚ ਇੱਕ ਯਾਦਗਾਰ ਪਿੰਡ ਦੇ ਬੱਸ ਅੱਡੇ ਤੇ ਉਸਾਰੀ ਗਈ ਹੈ ਇਨ੍ਹਾਂ ਵੀਰਾਂ ਦੇ ਯੋਗਦਾਨ ਨਾਲ ਹੀ ਪਿੰਡ ਵਿੱਚ ਕਈ ਸਮਾਜਿਕ, ਧਾਰਮਿਕ ਅਤੇ ਖੇਡ ਸਮਾਗਮ ਕਰਵਾਏ ਜਾਂਦੇ ਹਨ ਜਿਵੇਂ ਕਿ ਸੰਤ ਬਾਬਾ ਮਾਹਨ ਦਾਸ ਜੀ ਦੇ ਨਾਮ ਤੇ ਸਾਲਾਨਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਜਾਂਦਾ ਹੈ ਜਿਸ ਵਿੱਚ ਇਲਾਕੇ ਦੀਆਂ ਮਸ਼ਹੂਰ ਫੁੱਟਬਾਲ ਟੀਮਾਂ ਆਪਣੀ ਖੇਡ ਦਾ ਪ੍ਰਦਰਸ਼ਨ ਕਰਦੀਆਂ ਹਨ। ਮਾਹਿਲਪੁਰ, ਜੋ ਕਿ ਪੰਜਾਬ ਵਿੱਚ ਫੁੱਟਬਾਲ ਦੀ ਨਰਸਰੀ ਕਰਕੇ ਪ੍ਰਸਿੱਧ ਹੈ ਦੇ ਨੇੜੇ ਸਥਿਤ ਹੋਣ ਦਾ ਫ਼ਾਇਦਾ ਵੀ ਇਸ ਪਿੰਡ ਦੇ ਖਿਡਾਰੀਆਂ ਨੂੰ ਹੋਇਆ ਹੈ, ਪਿੰਡ ਦੇ ਕਈ ਖਿਡਾਰੀ ਨਾਮਵਰ ਫੁੱਟਬਾਲ ਕਲੱਬਾਂ ਵਿੱਚ ਖੇਡ ਚੁੱਕੇ ਹਨ ਅਤੇ ਖੇਡ ਰਹੇ ਹਨ ਜਿਵੇਂ: ਜੇ.ਸੀ.ਟੀ ਫੁੱਟਬਾਲ ਕਲੱਬ ਫਗਵਾੜਾ, ਬਿਜਲੀ ਬੋਰਡ, ਪੰਜਾਬ ਪੁਲੀਸ , ਬੀ.ਐੱਸ.ਐਫ, ਆਰ.ਸੀ.ਐਫ ।

ਇਸ ਪਿੰਡ ਦੇ ਪ੍ਰਵਾਸੀ ਵੀਰ ਮਨਜੀਤ ਸਿੰਘ ਨੇ ਆਪਣੇ ਦੰਦਾ ਨਾਲ ਦੋਹਰੀ ਮੰਜ਼ਿਲ ਵਾਲੀ ਬੱਸ ਨੂੰ 55 ਫੁੱਟ ਦੀ ਦੂਰੀ ਤੱਕ ਖਿੱਚ ਕੇ ਆਪਣਾ ਨਾਮ ਗਿਨਿੰਜ਼ ਬੁੱਕ ਰਿਕਾਰਡ ਵਿੱਚ ਦਰਜ ਕਰਵਾਇਆ ਹੈ। ਉਹ ਆਪਣੀ ਇਸ ਕਲਾਂ ਨੂੰ ਬ੍ਰਿਟੇਨ ਟੇਲੈਂਟ ਸ਼ੋਅ-3 ਵਿੱਚ ਵੀ ਦਰਸ਼ਕਾਂ ਅੱਗੇ ਪੇਸ਼ ਕਰ ਚੁੱਕੇ ਹਨ। ਪੰਜਾਬ ਦੇ ਪੇਂਡੂ ਖੇਡਾਂ ਦਾ ਅਟੁੱਟ ਹਿੱਸਾ ਹਲਟੀਆਂ ਦੀਆਂ ਦੌੜਾਂ ਵੀ ਹਰੇਕ ਸਾਲ ਕਰਵਾਈਆਂ ਜਾਂਦੀਆਂ ਹਨ ਅਤੇ ਜੇਤੂ ਬਲਦ ਜੋੜੀਆਂ ਦੇ ਮਾਲਕਾਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਨ੍ਹਾਂ ਦੋਵਾਂ ਪਿੰਡਾਂ ਦੇ ਸਮੁੱਚੇ ਪੰਚਾਇਤ ਮੈਂਬਰ ਅਤੇ ਹੋਰ ਪਤਵੰਤੇ ਸੱਜਣ ਸਮਾਜਿਕ ਭਲਾਈ ਕੰਮਾਂ ਵਿੱਚ ਆਪਣਾ ਪੂਰਨ ਸਹਿਯੋਗ ਦਿੰਦੇ ਹਨ। ਭਲਾਈ ਕੰਮਾਂ ਦੀ ਜੇ ਗੱਲ ਕਰੀਏ ਤਾਂ ਇਸ ਪਿੰਡ ਵਿੱਚ 'ਸੁਖਮਣੀ ਸੁਸਾਇਟੀ' ਇਲਾਕਾ ਮਾਹਿਲਪੁਰ ਦੁਆਰਾ ਬਾਬਾ ਲੱਖੋ ਜੀ ਦੇ ਸਥਾਨ ਤੇ ਗ਼ਰੀਬ ਲੜਕੀਆਂ ਦੇ ਵਿਆਹ ਹਰੇਕ ਸਾਲ ਅਕਤੂਬਰ ਦੇ ਮਹੀਨੇ ਕਰਵਾਏ ਜਾਂਦੇ ਹਨ। ਸੁਸਾਇਟੀ ਦੁਆਰਾ ਨਵੇਂ ਵਿਆਹੇ ਜੋੜਿਆ ਨੂੰ ਜ਼ਰੂਰੀ ਵਰਤੋਂ ਦਾ ਸਮਾਨ ਵੀ ਦਿੱਤਾ ਜਾਂਦਾ ਹੈ। ਪਿੰਡ ਦੇ ਪ੍ਰਵਾਸੀ ਵੀਰਾਂ ਦੀ ਸਹਾਇਤਾ ਨਾਲ ਪਿੰਡ ਦੀ ਗਲੀਆਂ ਵਿੱਚ ਬਿਜਲਈ ਲਾਈਟਾਂ ਵੀ ਲਗਾਈਆਂ ਗਈਆਂ ਹਨ ਜੋ ਕੀ ਰੌਸ਼ਨੀ ਦੇਣ ਦੇ ਨਾਲ ਨਾਲ ਪਿੰਡ ਦੀ ਸੁੰਦਰਤਾ ਵਿੱਚ ਵਾਧਾ ਕਰਦੀਆਂ ਹਨ। ਬੀਬੀ ਗੁਰਮੇਜ਼ ਕੋਰ ਮੌਰਚਰੀ ਵੀ ਇਸ ਪਿੰਡ ਵਿੱਚ ਸਥਿਤ ਹੈ। ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਜਦੋ ਕੋਈ ਪ੍ਰਾਣੀ ਆਪਣੀ ਜੀਵਨ ਯਾਤਰਾ ਸਮਾਪਤ ਕਰਕੇ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਜਾ ਪਹੁੰਚਦਾ ਹੈ ਤਾਂ ਉਸ ਦੇ ਸਕੇ ਸਬੰਧੀ ਵਿਦੇਸ਼ਾਂ ਵਿੱਚ ਹੋਣ ਕਰਕੇ ਉਸ ਦੀ ਮ੍ਰਿਤਕ ਦੇਹ ਨੂੰ ਮੌਰਚਰੀ ਵਿੱਚ ਸੰਭਾਲ ਕੇ ਰੱਖਿਆ ਜਾ ਸਕਦਾ ਹੈ ਤਾਂ ਜੋ ਪਰਿਵਾਰ ਮੈਂਬਰਾਂ ਦੇ ਆਉਣ ਤੇ ਉਸ ਦਾ ਅੰਤਿਮ ਸੰਸਕਾਰ ਕੀਤਾ ਜਾ ਸਕੇ।

ਪਿੰਡ ਵਿੱਚ ਦੋਂ ਸਰਕਾਰੀ ਸਕੂਲ ਅਤੇ ਇੱਕ ਗੁੱਡ ਸ਼ੈਪਰਡ ਪ੍ਰਾਈਵੇਟ ਸਕੂਲ ਵੀ ਹੈ। ਪਿੰਡ ਦੇ ਮਿਡਲ ਸਕੂਲ ਵਿੱਚ ਬੱਚਿਆਂ ਦੀ ਹਰਮਨ ਪਿਆਰੇ ਰਸਾਲੇ 'ਨਿੱਕੀਆਂ ਕਰੂੰਬਲਾਂ' ਦੇ ਸੰਪਾਦਕ ਸ੍ਰੀ ਬਲਜਿੰਦਰ ਮਾਨ ਜੀ ਸੇਵਾ ਨਿਭਾ ਰਹੇ ਹਨ ਅਤੇ ਉਹ ਆਪਣੀ ਯੋਗ ਅਗਵਾਈ ਹੇਠ ਇਸ ਪਿੰਡ ਦੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਆਪਣਾ ਯੋਗਦਾਨ ਪਾ ਰਹੇ ਹਨ। ਇਸ ਪਿੰਡ ਵਿੱਚ ਬਾਲੀ ਮੈਰਿਜ਼ ਪੈਲੇਸ ਵੀ ਹੈ ਜੋ ਕਿ ਮਾਹਿਲਪੁਰ ਫਗਵਾੜਾ ਸੜਕ ਤੇ ਸਥਿਤ ਹੈ, ਜਿਸ ਦੀ ਪਿੰਡ ਅਤੇ ਇਲਾਕਾ ਨਿਵਾਸੀਆਂ ਨੂੰ ਬਹੁਤ ਸਹੂਲਤ ਹੋਈ ਹੈ ਕਿਉਂਕਿ ਬਾਲੀ ਪੈਲੇਸ ਨਾਲ ਇਲਾਕੇ ਨੂੰ ਆਪਣੇ ਛੋਟੇ ਵੱਡੇ ਸਮਾਗਮ ਅਤੇ ਖ਼ਾਸ ਕਰਕੇ ਵਿਆਹ ਸਮਾਗਮਾਂ ਲਈ ਦੂਰ ਜਾਣ ਦੀ ਲੋੜ ਨਹੀਂ ਪੈਂਦੀ।

ਇਸ ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਪਰ ਹੁਣ ਬਹੁਤ ਸਾਰੇ ਨੌਜਵਾਨ ਵਿਦੇਸ਼ ਜਾਣ ਨੂੰ ਤਰਜੀਹ ਦੇ ਰਹੇ ਹਨ, ਇਸ ਦਾ ਕਾਰਨ ਖੇਤੀਬਾੜੀ ਵਿੱਚ ਮੁਨਾਫ਼ਾ ਨਾ ਹੋਣਾ ਅਤੇ ਵਧ ਰਹੀ ਬੇਰੁਜ਼ਗਾਰੀ ਵੀ ਹੈ। ਇਹ ਪਿੰਡ ਆਪਣੇ ਮਿੱਟੀ ਦੇ ਭਾਂਡੇ ਬਣਾਉਣ ਵਾਲੇ ਕਾਰੀਗਰਾਂ ਕਰਕੇ ਵੀ ਇਲਾਕੇ ਵਿੱਚ ਆਪਣਾ ਵਿਸ਼ੇਸ਼ ਨਾਮ ਰੱਖਦਾ ਹੈ, ਲੋਕ ਵਿਸ਼ੇਸ਼ ਕਰਕੇ ਦੀਵਾਲੀ ਦੇ ਤਿਉਹਾਰ ਤੇ ਦੂਰ ਦੁਰਾਡੇ ਤੋਂ ਮਿੱਟੀ ਦੇ ਬਣੇ ਭਾਂਡੇ ਖ਼ਰੀਦਣ ਲਈ ਇੱਥੇ ਪਹੁੰਚਦੇ ਹਨ।ਇਨ੍ਹਾਂ ਦੋਹਾਂ ਪਿੰਡ ਦੇ ਰਕਬੇ ਦੀ ਗੱਲ ਕਰੀਏ ਤਾਂ ਭਾਰਟਾ ਪਿੰਡ ਦਾ ਕੁੱਲ ਰਕਬਾ 153 ਅਤੇ ਗਣੇਸ਼ ਪੁਰ ਦਾ 114 ਹੈਕਟੇਅਰ ਹੈ ਅਤੇ ਭਾਰਟਾ ਪਿੰਡ ਦੇ ਵਸਨੀਕਾਂ ਦੀ ਅਬਾਦੀ 2011 ਜਨਗਣਨਾ ਅਨੁਸਾਰ 1080 ਅਤੇ ਗਣੇਸ਼ ਪੁਰ ਪਿੰਡ ਦੀ ਅਬਾਦੀ 748 ਹੈ, ਭਾਰਟੇ ਵਿੱਚ 226 ਅਤੇ ਗਣੇਸ਼ਪੁਰ ਵਿੱਚ 156 ਪਰਿਵਾਰ ਹਨ। ਇਹ ਦੋਵਾਂ ਪਿੰਡਾ ਦੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਟਾ ਪਿੰਡ ਦੀ ਸਾਖਰਤਾ ਦਰ 84.37 ਅਤੇ ਗਣੇਸ਼ਪੁਰ ਪਿੰਡ ਦੀ 80.68 ਹੈ ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੀ ਔਸਤਨ ਸਾਖਰਤਾ ਦਰ 75.6 ਤੋਂ ਵੱਧ ਹੈ।

ਅਖੀਰ ਵਿੱਚ ਅਸੀਂ ਇਹੀ ਆਸ ਕਰ ਸਕਦੇ ਹਾਂ ਕਿ ਇਹ ਪਿੰਡ ਆਪਣੀਆਂ ਵਿਸ਼ੇਸ਼ਤਾਵਾਂ ਵਿੱਚ ਸਮੇਂ ਅਨੁਸਾਰ ਵਾਧਾ ਕਰੇ ਤਾਂ ਜੋ ਇਸ ਦੀ ਗਿਣਤੀ ਪੰਜਾਬ ਦੇ ਸਿਰਮੌਰ ਪਿੰਡਾਂ ਵਿੱਚ ਕੀਤੀ ਜਾ ਸਕੇ। ਇਸ ਪਿੰਡ ਦੀ ਹੋਰ ਜਾਣਕਾਰੀ ਲਈ ਇਸ ਪਿੰਡ ਦੇ ਬਲਾਗ www.ganeshpurbharta.wordpress.com ਤੇ ਅਤੇ ਇਸ ਦੇ ਫੇਸ ਬੁੱਕ ਪੇਜ਼ ganeshpurbharta ਤੋਂ ਵੀ ਲਈ ਜਾ ਸਕਦੀ ਹੈ।










### 3 ਮਈ ਨੂੰ ਵਿਸ਼ਵ ਪ੍ਰੈੱਸ ਦਿਵਸ 'ਤੇ ਵਿਸ਼ੇਸ਼

## ਲੋਕਤੰਤਰ ਦੇ ਚੌਥੇ ਥੰਮ ਪ੍ਰੈੱਸ ਨੂੰ ਆਖਿਰ ਕਦੋਂ ਮਿਲੇਗੀ ਆਜ਼ਾਦੀ?

ਪ੍ਰੈੱਸ ਦੀ ਆਜਾਦੀ ਦੇਸ਼ ਤੇ ਸਮਾਜ ਦੀ ਆਜ਼ਾਦੀ ਹੈ। ਇਸ ਲਈ ਪ੍ਰੈੱਸ ਦੀ ਅਜ਼ਾਦੀ ਬਹੁਤ ਜਰੂਰੀ ਹੈ। ਬਿਨਾਂ ਜਿੰਮੇਵਾਰੀ ਦੇ ਕਿਸੇ ਵੀ ਤਰ੍ਹਾਂ ਦੀ ਆਜ਼ਾਦੀ ਲਾਭਕਾਰੀ ਨਹੀਂ ਹੁੰਦੀ। ਮੀਡੀਆਂ ਦਾ ਕੰਮ ਜਨਤਾ ਦੀ ਅਵਾਜ਼ ਬਣਨਾ ਹੈ। ਜਨਤਾ ਦੀਆਂ ਮੁਸ਼ਕਲਾ ਨੂੰ ਉਜਾਗਰ ਕਰਨਾ ਹੈ। ਤਿੰਨ ਮਈ ਦਾ ਦਿਨ ਵਿਸ਼ਵ ਪ੍ਰੈੱਸ ਦਿਵਸ ਅਤੇ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਸੰਨ 1993 ਵਿੱਚ ਸੰਯੁਕਤ ਰਾਸ਼ਟਰ ਨੇ 3 ਮਈ ਨੂੰ ਪ੍ਰੈੱਸ ਆਜ਼ਾਦੀ ਦਿਵਸ ਐਲਾਨਿਆ ਸੀ। ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਪ੍ਰੈਸ ਨੇ ਅਹਿਮ ਭੂਮਿਕਾ ਨਿਭਾਈ ਸੀ। ਸਹੀ ਪੱਤਰਕਾਰ ਦੀ ਸੋਚ ਹਮੇਸ਼ਾ ਇਹੀ ਰਾਗ ਅਲਾਪਦੀ ਹੈ "ਸਿਰ ਜਾਏ ਤਾਂ ਜਾਏ ਪਰ ਫਰਜ਼ ਨਾ ਜਾਏ"।

ਪਰ ਅੱਜ ਕੱਲ ਸੱਚ ਦਾ ਸਾਥ ਦੇਣ ਵਾਲੇ ਪੱਤਰਕਾਰਾਂ 'ਤੇ ਹੋ ਰਹੇ ਹਮਲੇ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਜਿਸ ਕਾਰਣ ਪੱਤਰਕਾਰਾਂ ਵਿੱਚ ਵੀ ਸਹਿਮ ਦਾ ਮਾਹੌਲ ਹੈ। ਸਰਕਾਰ ਨੂੰ ਪੱਤਰਕਾਰਾਂ ਨੂੰ ਸੁਰੱਖਿਆ ਮਹੱਈਆ ਕਰਵਾਉਣੀ ਚਾਹੀਦੀ ਹੈ ਤਾਂ ਕਿ ਉਹ ਨਿੱਡਰ ਹੋ ਕੇ ਸੱਚ ਲੋਕਾਂ ਸਾਹਮਣੇ ਲਿਆ ਸਕਣ। ਮੀਡੀਆ ਸਰਕਾਰਾਂ ਨੂੰ ਉਹਨਾਂ ਦੀਆਂ ਪ੍ਰਾਪਤੀਆਂ ਤੇ ਟੀਚਿਆਂ ਤੋ ਇਲਾਵਾਂ ਉਹਨ੍ਹਾਂ ਦੀਆਂ ਕਮੀਆਂ ਤੋ ਵੀ ਜਾਣੂ ਕਰਵਾਉਂਦਾ ਹੈ। ਅਜੋਕੇ ਸਮੇਂ 'ਚ ਮਜਬੂਰੀ ਵੱਸ ਮੀਡੀਆਂ ਵੱਲੋਂ ਆਪਣੀ ਜਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾਈ ਜਾ ਰਹੀ। ਪੱਤਰਕਾਰਾਂ ਨੂੰ ਅਖਬਾਰਾਂ ਦੇ ਅਦ-ਾਰਿਆਂ ਵੱਲੋਂ ਕੋਈ ਵੀ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਸਿਰਫ ਕੁਝ ਕੁ ਅਖਬਾਰਾਂ 'ਤੇ ਚੈਨਲਾਂ ਵੱਲੋਂ ਬਿਲਕੁਲ ਨਾਂ ਮਾਤਰ ਭੱਤਾ ਦਿੱਤਾ ਜਾਂਦਾ ਹੈ ਜਿਸ ਕਾਰਣ ਪੱਤਰਕਾਰਾਂ ਦਾ ਗੁਜਾਰਾ ਕਰਨਾ ਤੇ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਬਹੁਤ ਹੀ ਮੁਸ਼ਕਲ ਹੈ। ਉਲਟਾ ਅਦਾਰਿਆਂ ਵੱਲੋਂ ਪੱਤਰਕਾਰਾਂ ਨੂੰ ਵੱਧ ਤੋਂ ਵੱਧ ਸਪਲੀਮੈਂਟ ਕੱਢਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਅਤੇ ਸਰਕੁਲੇਸ਼ਨ ਵਧਾਉਣ ਲਈ ਜ਼ੋਰ ਪਾਇਆ ਜਾਂਦਾ ਹੈ। ਹੁਣ ਪੱਤਰਕਾਰਾਂ ਨੂੰ ਸਪਲੀਮੈਂਟ ਵੀ ਉਹੀ ਲੋਕ,ਸੰਸਥਾਵਾਂ, ਰਾਜਨੀਤਿਕ, ਵਪਾਰਕ ਅਦਾਰੇ,ਅਫਸਰ ਆਦਿ ਦਿੰਦੇ ਹਨ ਜਿੰਨਾਂ ਨੇ ਪੱਤਰਕਾਰਾਂ ਤੋਂ ਆਪਣੇ ਹੱਕ ਵਿੱਚ ਖਬਰਾਂ ਲਗਾਉਣੀਆਂ ਹੁੰਦੀਆਂ ਹਨ। ਜੇਕਰ ਪੱਤਰਕਾਰ ਕੋਲ ਕਿਸੇ ਦੇ ਖਿਲਾਫ ਖਬਰ ਆ ਵੀ ਜਾਵੇ ਤਾਂ ਉਸ ਦੀ ਮਜਬੂਰੀ ਬਣ ਜਾਂਦੀ ਹੈ ਖਬਰ ਰੋਕਣ ਲਈ ਕਿਉਂਕਿ ਉਸਨੇ ਉਸੇ ਆਸਾਮੀ ਤੋਂ ਸਪਲੀਮੈਂਟ ਲਿਆ ਹੁੰਦਾ ਹੈ ਜਾਂ ਲੈਣਾ ਹੁੰਦਾ ਹੈ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਅਤੇ ਪ੍ਰੈੱਸ ਦੀ ਆਜ਼ਾਦੀ ਲਈ ਸਰਕਾਰ ਨੂੰ ਇਸ ਤਰਾਂ ਦੇ ਨਿਯਮ ਬਣਾਉਣੇ ਚਾਹੀਦੇ ਹਨ ਕਿ ਹਰ ਇੱਕ ਪੱਤਰਕਾਰ ਨੂੰ ਸਰਕਾਰੀ ਮੁਲਾਜ਼ਮਾ ਵਾਂਗ ਪੂਰੀਆਂ ਤਨਖਾਹਾਂ ਅਤੇ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ। ਕਿਉਂਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ ਗਿਣੇ ਜਾਂਦੇ ਹਨ। ਅਖਬਾਰਾਂ ਅਤੇ ਚੈਨਲਾਂ ਦੇ ਅਦਾਰਿਆਂ ਨੂੰ ਵੀ ਚਾਹੀਦਾ ਹੈ ਕਿ ਪੱਤਰਕਾਰਾਂ ਨੂੰ ਸਪਲੀਮੈਂਟ ਕੱਢਣ ਜਾਂ ਸਰਕੁਲੇਸ਼ਨ ਵਧਾਉਣ ਲਈ ਕਹਿਣ ਦੀ ਬਜਾਏ ਹੋਰ ਨਵੇਂ ਮੁਲਾਜ਼ਮਾਂ ਨੂੰ ਇਹਨਾਂ ਕੰਮਾਂ ਲਈ ਭਰਤੀ ਕੀਤਾ ਜਾਵੇ ਤਾਂ ਕਿ ਪੱਤਰਕਾਰ ਤਣਾਅ ਮੁਕਤ ਅਤੇ ਨਿੱਡਰ ਹੋ ਕੇ ਖਬਰਾਂ ਲਗਾ ਸਕਣ ਅਤੇ ਪ੍ਰੈੱਸ ਦੀ ਆਜ਼ਾਦੀ ਨੂੰ ਬਹਾਲ ਕੀਤਾ ਜਾ ਸਕੇ।



ਪ੍ਰਮੋਦ ਧੀਰ
91-98550-31081



ਜੁੱਤੀ ਨਾਲ ਸੈਲਫੀਆਂ ਲੈਂਦੇ,
ਵਤਨ ਮੇਰੇ ਦੇ ਹੁਕਮਰਾਨ ਲਈ,
ਬੱਚੇ ਸ਼ੀਸ਼ਾ ਬਣ ਗਏ ਯਾਰ।
ਪਹਿਲੀ ਮਈ ਮਜ਼ਦੂਰ ਦਿਹਾੜਾ,
ਕੌਣ ਲਊ ਇਨ੍ਹਾਂ ਦੀ ਸਾਰ।
ਹੁਕਮਰਾਨ ਤਾਂ
ਚੋਣਾਂ ਦੇ ਵਿੱਚ ਰੁੱਝੇ ਹੋਏ
ਸਰਹੱਦਾਂ ਦੀ ਰਾਖੀ ਲਈ
ਚਿੰਤਾਤੁਰ ਬਾਹਲੇ
ਪਰ ਅੰਦਰੂਨ ਵੀ ਭਾਰਤ ਦੇਸ਼।
ਜਿਸਦੇ ਨੇਤਾ ਪਏ ਨੇ ਪੇਸ਼।
ਦਿਹਾੜੀ ਟੁੱਟਿਆਂ

ਮਜ਼ਦੂਰ ਦਾ ਦਿਹਾੜਾ ਨਹੀਂ,
ਦਿਹਾੜੀ ਹੁੰਦੀ ਹੈ।
ਟੁੱਟ ਜਾਵੇ ਤਾਂ
ਸੱਖਣਾ ਪੀਪਾ ਰੋਂਦਾ ਹੈ
ਤਵਾ ਪਰਾਤ ਵਿਲਕਦੀ ਹੈ।
ਦਿਹਾੜੀ ਟੁੱਟਿਆਂ
ਬੰਦਾ ਟੁੱਟ ਜਾਂਦਾ ਹੈ।

ਸੱਖਣੇ ਪੇਟ
ਨੀਂਦ ਨੂੰ ਪੁੱਛਦੀਆਂ ਨੇ ਅੱਖਾਂ
ਕਦੋਂ ਆਵੇਂਗੀ?
ਜਲਦੀ ਆ,
ਸਵੇਰੇ ਫਿਰ
ਦਿਹਾੜੀ ਤੇ ਜਾਣਾ ਹੈ।
ਦਿਹਾੜੀ ਨਹੀਂ
ਮਜ਼ਦੂਰ ਦਾ ਸੁਪਨਾ
ਟੁੱਟਦਾ ਹੈ ਜਨਾਬ!

– ਗੁਰਭਜਨ ਗਿੱਲ

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org


# ਸਮਾਜਿਕ/ਰਾਜਨੀਤਿਕ ਵਿਵਸਥਾ ਦਾ ਪ੍ਰਤੀਕਾਤਮਕ ਸਾਰ: ਸੁਰਿੰਦਰ ਸੋਹਲ ਦਾ ਨਾਵਲ 'ਸਿੰਘਾਸਣ'

'ਸਿੰਘਾਸਣ' ਸੁਰਿੰਦਰ ਸੋਹਲ ਦਾ ਹਾਲ ਹੀ ਵਿਚ ਪ੍ਰਕਾਸ਼ਿਤ ਹੋਇਆ ਨਿਵੇਕਲੀ ਤਰ੍ਹਾਂ ਦਾ ਨਾਵਲ ਹੈ। ਦੂਜੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਹ ਅਜਿਹਾ ਪ੍ਰਤੀਕਾਤਮਕ ਨਾਵਲ ਹੈ, ਜਿਸ ਦੀ ਕਹਾਣੀ ਦੇਖਣ ਨੂੰ ਕੁਝ ਹੋਰ ਕਹਿੰਦੀ ਹੈ ਪਰ ਉਸ ਵਿਚ ਛੁਪੇ ਗਹਿਰੇ ਅਰਥ ਅਸਲ ਵਿਚ ਕੁਝ ਹੋਰ ਹੀ ਹਨ।

ਆਮ ਨਾਵਲਾਂ ਨਾਲੋਂ ਇਸਦੀ ਇਹ ਵੱਖਰਤਾ ਕਿ ਇਸਦੀ ਬਣਤਰ ਤੇ ਬੁਣਤਰ ਪ੍ਰਤੀਕਾਂ, ਚਿੰਨ੍ਹਾਂ ਅਤੇ ਇਸ਼ਾਰਿਆਂ ਰਾਹੀਂ ਸਮਾਜਿਕ ਤੇ ਰਾਜਨੀਤਿਕ ਵਿਵਸਥਾ ਦਾ ਸਾਰ ਪੇਸ਼ ਕਰਦੀ ਹੈ। ਸੁਰਿੰਦਰ ਸੋਹਲ ਕਿਉਂਕਿ ਪ੍ਰਮੁੱਖ ਤੌਰ 'ਤੇ ਸ਼ਾਇਰ ਹੈ, ਇਸ ਕਰ ਕੇ ਉਸਦੀ ਵਾਕ-ਬਣਤਰ ਵਿੱਚੋਂ ਸ਼ਾਇਰੀ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਛੋਟੇ-ਛੋਟੇ ਵਾਕਾਂ ਨਾਲ ਬਿਰਤਾਂਤਿਕ ਸ਼ੈਲੀ ਵਿਚ ਇਸ ਨੂੰ ਏਨਾ ਸੁਆਦਲਾ ਬਣਾਇਆ ਗਿਆ ਹੈ ਕਿ ਪਾਠਕ ਲਈ ਪੜ੍ਹਨਾ ਸ਼ੁਰੂ ਕਰ ਕੇ ਬਿਨਾ ਪੂਰਾ ਪੜ੍ਹੇ ਛੱਡਣਾ ਮੁਮਕਿਨ ਨਹੀਂ। ਨਾਵਲ ਪੜ੍ਹਨ ਸਮੇਂ ਸਮਝਣ ਵਿਚ ਕੋਈ ਦਿੱਕਤ ਨਾ ਆਵੇ, ਇਸ ਲਈ ਇਸ ਦੇ ਤਿੰਨ ਭਾਗ ਕੀਤੇ ਗਏ ਹਨ। ਪਹਿਲੇ ਭਾਗ ਵਿਚ ਤੇਰਾਂ, ਦੂਜੇ ਵਿਚ ਗਿਆਰਾਂ ਅਤੇ ਤੀਜੇ ਭਾਗ ਵਿਚ ਚੌਦਾਂ ਕਾਂਡ ਹਨ। ਨਾਵਲ ਦੇ ਸਾਰੇ ਦੇ ਸਾਰੇ ਪਾਤਰ ਪੰਛੀ ਤੇ ਜਾਨਵਰ ਹਨ, ਜਿਹਨਾਂ ਦੀਆਂ ਵਿਚ-ਵਿਚ ਤਸਵੀਰਾਂ ਲਗਾ ਕੇ ਹੋਰ ਵੀ ਰੌਚਕ ਬਣਾਉਣ ਦੇ ਯਤਨ ਕੀਤੇ ਗਏ ਹਨ।

ਕਿਸੇ ਸੰਸਥਾ, ਰਾਸ਼ਟਰ ਜਾਂ ਸੰਸਾਰ ਦੀ ਸਮਾਜਿਕ/ਰਾਜਨੀਤਿਕ ਵਿਵਸਥਾ 'ਤੇ ਚਾਨਣ ਪਾਉਣ ਲਈ ਉਸਦੇ ਪ੍ਰਤੀਕ ਵਜੋਂ 'ਜੰਗਲ' ਲਿਆ ਗਿਆ ਹੈ। ਜੰਗਲ ਵਿਚ ਸਿੰਘਾਸਣ 'ਤੇ ਕਾਬਜ਼ ਹੋਣ ਲਈ ਜੰਗਲ-ਵਾਸੀ ਪੰਛੀਆਂ/ਜਾਨਵਰਾਂ ਕਿਸ ਤਰ੍ਹਾਂ ਦਾਅ-ਪੇਚ ਵਰਤਦੇ ਹਨ, ਇਹ ਸਾਰਾ ਬਿਰਤਾਂਤ ਪਰੀ-ਕਹਾਣੀ ਵਰਗੀ ਰੌਚਕ ਪੇਸ਼ਕਾਰੀ ਰਾਹੀਂ ਦਰਸਾਇਆ ਗਿਆ ਹੈ। ਸੁਨਹਿਰੀ ਸੱਪ 'ਸੁਨਹਿਰੀ ਯੁੱਗ' ਦੇ ਪ੍ਰਤੀਕ ਵਜੋਂ ਤੇ 'ਲਾਲ ਪੱਥਰ ਦਾ ਸਿੰਘਾਸਣ' ਸਮਾਜਵਾਦ ਦੀਆਂ ਕਦਰਾਂ-ਕੀਮਤਾਂ ਵੱਲ ਸੰਕੇਤ ਕਰਦਾ ਹੈ। ਬੁੱਢਾ ਲੂੰਬੜ ਲਾਲ ਸਿੰਘਾਸਣ 'ਤੇ ਨਹੀਂ ਉਸ ਚਿੱਟੇ ਸਿੰਘਾਸਣ 'ਤੇ ਬੈਠਣ ਦੀ ਲਾਲਸਾ ਵਿਚ ਹੈ, ਜਿਸ 'ਤੇ ਕਮਲ ਦਾ ਫੁੱਲ ਬਣਿਆ ਹੋਵੇ। 'ਕਮਲ ਦਾ ਫੁੱਲ' ਕਿਸ ਪਾਰਟੀ ਦਾ ਚੋਣ-ਨਿਸ਼ਾਨ ਹੈ ਅਤੇ ਉਸਦੇ ਏਜੰਡੇ ਕੀ ਹਨ, ਵਿਆਖਿਆ ਕਰਨ ਦੀ ਜ਼ਰੂਰਤ ਨਹੀਂ ਹੈ।

ਬੀਨ ਦਾ ਚਿੰਨ੍ਹ ਕੋਮਲ ਕਲਾਵਾਂ ਵਜੋਂ ਲਿਆ ਗਿਆ ਹੈ। ਇਸ ਇਸ਼ਾਰੇ ਵਿਚ ਨਿਹਿਤ ਹੈ ਕਿ ਆਰਟ, ਕਲਾਵਾਂ, ਸਾਹਿਤ ਅਤੇ ਇਹਨਾਂ ਦੇ ਸਿਰਜਣਹਾਰਿਆਂ ਨੂੰ ਸਿਆਸਤਦਾਨ




ਆਪਣੇ ਮੁਫ਼ਾਦ ਵਾਸਤੇ ਕਿਵੇਂ ਇਸਤੇਮਾਲ ਕਰਦੇ ਹਨ। ਇਹਨਾਂ ਕੋਮਲ ਕਲਾਵਾਂ ਨੂੰ ਵੀ ਸਿਆਸਤ ਜਦੋਂ ਚਾਹੇ ਆਵਾਮ ਦੀ ਤਬਾਹੋ-ਬਰਬਾਦੀ ਵਾਸਤੇ ਵਰਤ ਸਕਦੀ ਹੈ। ਰਿੱਛ ਪੱਥਰਾਂ ਦੇ ਭਾਂਡੇ ਘੜਦਾ ਹੈ। ਪਰ ਉਸਦੇ ਇਸ ਸਿਰਜਣਾਤਮਕ ਤੇ ਕਲਾਤਮਕ ਕਾਰਜ ਨੂੰ ਵੀ ਸਿਆਸਤ ਹਥਿਆਰ ਵਜੋਂ ਵਰਤਣ ਦੀ ਕੋਸ਼ਿਸ਼ ਕਰਦੀ ਹੈ।

ਲੂੰਬੜ ਜੜ੍ਹੀ-ਬੂਟੀਆਂ ਦਾ ਗਿਆਤਾ ਹੈ। ਉਸ ਵਲੋਂ ਬਣਾਈਆਂ ਜਾਂਦੀਆਂ ਜ਼ਹਿਰੀਲੀਆਂ ਦਵਾਈਆਂ ਉਹਨਾਂ ਖ਼ਤਰਨਾਕ ਮਾਰੂ-ਹਥਿਆਰਾਂ ਵੱਲ ਇਸ਼ਾਰਾ ਹਨ, ਜਿਹਨਾਂ ਕਰ ਕੇ ਦੁਨੀਆ ਖ਼ਾਤਮੇ ਦੀ ਕਗਾਰ 'ਤੇ ਆ ਪਹੁੰਚੀ ਹੈ।

ਜਦੋਂ ਲੂੰਬੜ 'ਜੰਗਲ ਨੂੰ ਖ਼ਤਰਾ ਹੈ' ਆਖਦਾ ਹੈ ਤਾਂ ਸਪੱਸ਼ਟ ਹੋ ਜਾਂਦਾ ਜਿਵੇਂ ਕੋਈ ਸਿਆਸੀ ਲੀਡਰ ਬਿਆਨ ਦੇ ਰਿਹਾ ਹੋਵੇ, 'ਧਰਮ ਖ਼ਤਰੇ 'ਚ ਹੈ' ਜਾਂ 'ਦੇਸ਼ ਦੀ ਏਕਤਾ ਤੇ ਅਖੰਡਤਾ ਖ਼ਤਰੇ 'ਚ ਹੈ'।

ਕਬੂਤਰ ਅਮਨ, ਸੱਚਾਈ ਅਤੇ ਸਾਫ਼-ਗੋਈ ਦਾ ਪ੍ਰਤੀਕ ਹੈ ਪਰ ਲੂੰਬੜ ਉਸਨੂੰ ਆਪਣੀ ਚਾਲ ਨਾਲ ਝੂਠ ਬੋਲਣ ਲਾ ਲੈਂਦਾ ਹੈ। ਗਧੇ ਨੂੰ 'ਰਾਜਾ' ਬਣਾਉਣ ਦਾ ਵਿਚਾਰ ਲੋਕ-ਤੰਤਰੀ ਪ੍ਰਣਾਲੀ 'ਤੇ ਭਰਪੂਰ ਵਿਅੰਗ ਹੈ। ਇਕ ਪਾਤਰ ਗਿਰਗਿਟ ਹੈ ਜੋ ਰੰਗ ਬਦਲਦਾ ਹੈ ਅਤੇ 'ਡਬਲ-ਕਰਾਸ' ਕਰਦਾ ਹੈ। ਅੰਤ ਉਸਦੀ ਜ਼ਮੀਰ ਜਾਗਦੀ ਹੈ ਤਾਂ ਜੰਗਲ ਭਿਆਨਕ ਤਬਾਹੀ ਤੋਂ ਬਚ ਜਾਂਦਾ ਹੈ। ਨਾਵਲਕਾਰ ਨੇ ਅਛੋਪਲੇ ਜਿਹੇ ਤਰੀਕੇ ਨਾਲ ਸਮਝਾਅ ਦਿੱਤਾ ਹੈ ਕਿ ਜੇ ਅਸੀਂ ਨਿੱਕੇ-ਨਿੱਕੇ ਨਿੱਜੀ ਮੁਫ਼ਾਦਾਂ ਤੋਂ ਉੱਪਰ ਉੱਠ ਜਾਈਏ ਤਾਂ ਦੁਨੀਆ ਭਿਆਨਕ ਤਬਾਹੀਆਂ ਤੋਂ ਬਚ ਸਕਦੀ ਹੈ।

ਸਕੰਕ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਦਾ ਪ੍ਰਤੀਕ ਹੈ। ਉਸਦੀ ਦੁਰਗੰਧ ਅਸਲ ਵਿਚ ਸਮਾਜ ਵਿਚ ਫੈਲੀ ਗ਼ਰੀਬੀ, ਬਿਮਾਰੀਆਂ ਅਤੇ ਹੋਰ ਨਕਾਰਾਤਮਕ ਅਲਾਮਤਾਂ ਦਾ ਪ੍ਰਤੀਕ ਹੈ। ਸਿਆਸਤਦਾਨ ਇਹਨਾਂ ਨਕਾਰਾਮਤਕ ਅਲਾਮਤਾਂ ਦਾ ਪੱਕਾ ਹੱਲ ਨਹੀਂ ਕਰਨਾ ਚਾਹੁੰਦੇ। ਸਿਰਫ਼ ਓਨਾ ਕੁ ਹੀ ਕਰਦੇ ਨੇ ਜਿਸ ਨਾਲ ਉਹਨਾਂ ਦਾ 'ਵੋਟ-ਬੈਂਕ' ਬਣਿਆ ਰਹੇ। ਸਕੰਕ ਦੀ ਦੁਰਗੰਧ ਨੂੰ ਆਰਜ਼ੀ ਤੌਰ 'ਤੇ ਖ਼ਤਮ ਕਰਨ ਲਈ ਉਸਨੂੰ ਚੰਦਨ ਦੇ ਹਾਰ ਦਾ ਲਾਲਚ ਦੇਣਾ, ਇਹ ਸਪੱਸ਼ਟ ਕਰਦਾ ਹੈ ਕਿ ਆਰਥਕ ਤੌਰ 'ਤੇ ਪਛੜੇ ਲੋਕਾਂ ਨੂੰ ਛੋਟੇ-ਛੋਟੇ ਲਾਲਚ ਜਾਂ ਸਹੂਲਤਾਂ ਦੇਣਾ ਰਾਜਨੀਤੀ ਦੀ ਚਾਲ ਹੀ ਹੈ। ਇਕ ਤਰ੍ਹਾਂ ਨਾਲ 'ਸ਼ਗਨ ਸਕੀਮਾਂ' 'ਤੇ ਕਰਾਰੀ ਚੋਟ ਕਿਹਾ ਜਾ ਸਕਦਾ ਹੈ।



ਸੁਰਜੀਤ ਸਾਜਨ

ਇਸੇ ਤਰ੍ਹਾਂ ਖ਼ਰਗੋਸ਼, ਕੱਛੂਕੁੰਮਾ, ਮਗਰਮੱਛ, ਜੁਗਨੂੰ, ਬਿੱਲੀ ਆਦਿ ਪਾਤਰਾਂ ਦੇ ਸੁਭਾਅ, ਸੁਪਨੇ ਅਤੇ ਰੀਝਾਂ ਨੂੰ ਨਾਵਲ ਵਿਚ ਸਮਾਜਿਕ ਵਿਵਸਥਾ ਨਾਲ ਜੋੜ ਕੇ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਸਮੁੱਚਾ ਨਾਵਲ ਵਿਸ਼ਵ ਦੀ ਰਾਜੀਨੀਤੀ ਚਿੰਨ੍ਹਾਂ, ਪ੍ਰਤੀਕਾਂ, ਸਿੰਬਲਾਂ ਅਤੇ ਇਸ਼ਾਰਿਆਂ ਦੇ ਜ਼ਰੀਏ ਪੇਸ਼ ਕਰਨ 'ਚ ਪੂਰੀ ਤਰ੍ਹਾਂ ਸਫਲ ਹੈ। ਇਸ ਵਿਚ ਪੇਸ਼ ਧਾਰਨਾਵਾਂ ਪਰਿਵਾਰ, ਪਿੰਡ, ਸ਼ਹਿਰ, ਮੁਲਕ ਅਤੇ ਵਿਸ਼ਵ ਦੀ ਰਾਜਨੀਤੀ 'ਤੇ ਸਹਿਜੇ ਹੀ ਢੁਕਾਅ ਕੇ ਦੇਖਿਆ ਜਾ ਸਕਦਾ ਹੈ। ਰਾਜਨੀਤਿਕ, ਧਾਰਮਿਕ, ਸਮਾਜਿਕ, ਸਾਹਿਤਕ, ਸਮਾਜ-ਸੇਵੀ ਸੰਸਥਾਵਾਂ ਅੰਦਰ ਫੈਲੀ ਕੋਝੀ ਰਾਜਨੀਤੀ ਦੇ ਦੀਦਾਰ ਚੰਗੀ ਤਰ੍ਹਾਂ ਕਰਵਾਏ ਗਏ ਹਨ। ਇਸ ਤਰ੍ਹਾਂ ਇਸ ਨਾਵਲ ਦੇ ਅਰਥ ਫੈਲਦੇ ਜਾਂਦੇ ਹਨ। ਸਮਾਜਿਕ ਵਿਵਸਥਾ ਵਿਚ ਜਿਸ ਤਰ੍ਹਾਂ ਰਾਜਨੀਤੀ ਕਰ ਕੇ ਕਾਬਜ਼ ਹੋਣ ਤੇ ਸੱਤਾ ਹਥਿਆਉਣ ਦੀ ਪ੍ਰਕਿਰਿਆ ਚਲਦੀ ਹੈ, ਉਸੇ ਤਰ੍ਹਾਂ ਜਾਨਵਰਾਂ ਤੇ ਪੰਛੀਆਂ ਦੇ ਸੁਭਾਅ ਅਨੁਸਾਰ ਉਹਨਾਂ ਪਾਤਰਾਂ ਨੂੰ ਪੇਸ਼ ਕਰ ਕੇ ਕਹਾਣੀ ਬੁਣੀ ਗਈ ਹੈ, ਜਿਸ ਨੂੰ ਪੜ੍ਹ ਕੇ ਸਮਾਜ ਵਿਚ ਚੱਲ ਰਹੇ ਵਰਤਾਰੇ ਦੀ ਸਪੱਸ਼ਟ ਤਸਵੀਰ ਪ੍ਰਗਟ ਹੋ ਜਾਂਦੀ ਹੈ। ਨਾਵਲ ਦੇ ਪਾਤਰ ਜੋ ਭੂਮਿਕਾ ਨਿਭਾਉਂਦੇ ਹਨ, ਉਸੇ ਤਰ੍ਹਾਂ ਦੀ ਅਜੋਕੀ ਸਮਾਜਿਕ ਵਿਵਸਥਾ ਅਤੇ ਮਾਹੌਲ ਵਿਚਲੇ ਸਾਰੇ ਵਰਤਾਰੇ ਦੇ ਦਰਸ਼ਨ ਹੋ ਜਾਂਦੇ ਹਨ। ਕੁਕਨੁਸ ਪ੍ਰਕਾਸ਼ਨ, ਜਲੰਧਰ ਵਲੋਂ ਪ੍ਰਕਾਸ਼ਿਤ ਇਸ ਨਾਵਲ ਦੇ ਲੇਖਕ ਸੁਰਿੰਦਰ ਸੋਹਲ ਅਤੇ ਪ੍ਰਕਾਸ਼ਕ ਰਾਜਿੰਦਰ ਬਿਮਲ ਵਧਾਈ ਦੇ ਹੱਕਦਾਰ ਹਨ।

## ਗ਼ਜ਼ਲ

ਕਿਸੇ ਨਾਅਰੇ ਦੇ ਵਾਂਗੂੰ ਚਹਿਚਹਾ ਕੇ 'ਵਾਜ਼ ਕਰਦਾ ਹੈ!
ਇਹ ਪੰਛੀ ਕੌਣ ਪਿੰਜਰੇ ਵਿੱਚ ਵੀ ਜੋ ਪਰਵਾਜ਼ ਕਰਦਾ ਹੈ!

ਤੇਰੇ ਹਥਿਆਰ ਸਾਰੇ ਹੋ ਰਹੇ ਨਾਕਾਮ, ਓ ਜ਼ਾਲਿਮ,
ਤਸੀਹੇ ਸਹਿ ਕੇ ਵੀ ਉਹ ਸੱਚ ਦਾ ਆਗਾਜ਼ ਕਰਦਾ ਹੈ !

ਗ਼ਰੀਬੀ ਨੂੰ ਮੁਕਾਉਣੇ ਲਈ ਮੁਕਾਉਂਦਾ ਹੈ ਗ਼ਰੀਬਾਂ ਨੂੰ,
ਦਿਲਾਂ ਦੀ ਥਾਂ ਧੜਾਂ ਉੱਤੇ ਇਹ ਰਾਜਾ ਰਾਜ ਕਰਦਾ ਹੈ !

ਮੇਰੇ ਹੱਸਣ 'ਤੇ ਬੋਲਣ 'ਤੇ ਲਗਾਉਂਦੇ ਨੇ ਜੋ ਪਾਬੰਦੀ,
ਉਹ ਤੇਰੇ ਰੋਣ 'ਤੇ ਵੀ ਕਹਿਣਗੇ ਆਵਾਜ਼ ਕਰਦਾ ਹੈ !

ਦਿਲਾਂ ਨੂੰ ਜੋੜਨੇ ਦਾ ਕੰਮ ਵੀ ਏਦਾ ਕਰ ,ਭਲੇ ਬੰਦੇ ,
ਸੁਰਾਂ ਨੂੰ ਜੋੜਨੇ ਦਾ ਕੰਮ ਜਿੱਦਾਂ ਸਾਜ਼ ਕਰਦਾ ਹੈ ਦੀ !

ਕਿਸੇ ਦੀ ਘੱਟ ਰਹੀ ਗਿਣਤੀ,ਕਿਸੇ ਦੀ ਵੱਧ ਰਹੀ ਗਿਣਤੀ,
ਇਨਾਂ ਰੁੱਖਾਂ ਮਨੁੱਖਾਂ 'ਤੇ ਸਮਾਂ ਇਤਰਾਜ਼ ਕਰਦਾ ਹੈ !



– ਸਰਬਜੀਤ ਕਰੀਮਪੁਰੀ

## ਟੈਲੀਫੋਨ

ਮੈਂ ਸ਼ੁਕਰ ਕਰ ਸਰਕਾਰਾਂ ਦਾ ਜਿਨ੍ਹਾਂ ਫੋਨ ਕੀਤੇ ਬੜੇ ਸਸਤੇ
ਸੁਣ ਸਸਤੇ ਕਾਹਦੇ ਕੀਤੇ ਵੇ ਤੂੰ ਪੈ ਗਿਆ ਪੁੱਠੇ ਰਸਤੇ
ਤੀਜੇ ਘਰ ਤੱਕ ਸੁਣਦਾ ਨਾ ਕਿਸੇ ਭੜੂਏ ਦੀ ਗੱਲ ਸਹਿੰਦਾ
ਫੋਨ ਘੁੰਮਾਉਣਾ ਪੀ ਕੇ ਵੇ ਤੈਨੂੰ ਸੋਫੀ ਯਾਦ ਨਾਂ ਰਹਿੰਦਾ।

ਕਿਹੜੇ ਮੁਲਖ ਦਾ ਕਿਹੜਾ ਟਾਇ.ਮ ਨਾ ਵੇਖੇ ਅੱਗੇ ਪਿੱਛੇ
ਬੱਸ ਹਾਲ ਚਾਲ ਹੀ ਪੁੱਛਦਾ ਤੇ ਨਿੱਤ ਰੋਜ਼ ਜਗਾਉਣਾ ਸੁੱਤੇ
ਤਾਰ ਦੇਵੇ ਥੋਡੇ ਚਿੱਠੇ ਸਭ ਨੂੰ ਇਕੋ ਗੱਲ ਫਿਰ ਕਹਿੰਦਾ
ਫੋਨ ਘੁੰਮਾਉਣਾ ਪੀ ਕੇ ਵ ਤੈਨੂੰ ...

ਕੋਂਣ. ਬਿਲ ਆਉਂਦਾ ਤੈਨੂੰ ਮੌਤ ਪੈਂਦੀ ਫਿਰ ਮੂਹਰੇ ਕਰਦੇ
ਮੇਰੇ ਕੋਲੇ ਟਾਈਮ ਕਿੱਥੇ ਬੱਸ ਤੂੰ ਆਉਣਾ ਇਹ ਭਰ ਕੇ
ਜਦੋਂ ਸੂਟ ਸਾਟ ਦੀ ਗੱਲ ਕਰਦੀ ਫਿਰ ਮੇਰੇ ਪਿੱਛੇ ਪੈਂਦਾ
ਫੋਨ ਘੁੰਮਾਉਣਾ ਪੀ ਕੇ ਵ ਤੈਨੂੰ ...

ਧੀ ਹੋਈ ਤੇਰੀ ਕੋਠੇ ਜਿੱਡੀ ਤੈਨੂੰ ਫਿਕਰ ਨਾ ਕੋਈ
ਤੇਰੀ ਦਾਰੂ ਕਮਲੀ ਕੀਤੀ ਜਿਉਂਦੀ ਹੋਈ ਅੱਧਮੋਈ
ਥੁੱਕੀਂ ਵੜੇ ਪਕਾਉਂਦਾ ਸ਼ਾਮੀ 'ਟਰੰਪ' ਤਾਂ ਬਣ ਕੇ ਬਹਿੰਦਾ
ਫੋਨ ਘੁੰਮਾਉਣਾ ਪੀ ਕੇ ਵ ਤੈਨੂੰ ...

ਘਰ ਘਰ ਜਾ ਕੇ ਵੇਖ ਲਿਆ ਬੱਸ ਸਭ ਨੂੰ ਬੁਰੀ ਬਿਮਾਰੀ
ਇੱਥੇ ਕੀਹਨੇ ਹਟਣਾ ਨਾ ਕੋਈ ਹਟਦਾ ਮੱਤ ਪਈ ਸਾਡੀ ਮਾਰੀ
'ਦੇਵ ਘੋਲੀਏ' ਵਾਲਾ ਨੀ ਕਾਹਦਾ ਗਿਣ ਗਿਣ ਬਦਲੇ ਲੈਂਦਾ
ਫੋਨ ਘੁੰਮਾਉਣਾ ਪੀ ਕੇ ਵੇ ਤੈਨੂੰ
ਸੋਫੀ ਯਾਦ ਨੀ ਰਹਿੰਦਾ।



– ਦੇਵ ਘੋਲੀਆ ਖੁਰਦ
(ਫਰਿਜ਼ਨੋ)
559-232-7764

ਕਾਵਿ-ਵਿਅੰਗ

## ਕੜ੍ਹੀ ਘੋਲ਼ਦੇ ਲੀਡਰ!

ਕੋਈ ਕਹੇ ਬਿਅਦਬੀਆਂ ਭੁੱਲ ਜਾਉ
ਇਹਦੇ ਆਸਰੇ ਚਾਹੁੰਦੇ ਕਈ ਜਿੱਤਣਾ ਜੀ।
ਮਨਸ਼ਾ ਜਾਪਦੀ ਇਹੋ ਸਰਕਾਰੀਆਂ ਦੀ
ਨਾਂ 'ਸਿਟ' ਦਾ ਵਰਤ ਕੇ ਸਿੱਟਣਾ ਜੀ।
ਲਿਟ ਗਏ ਪੈਰਾਂ ਦੇ ਵਿਚ ਵਿਰੋਧੀਆਂ ਦੇ
ਹੋਰ ਪੁਛਿਉ ਕਿੰਨਾਂ ਕੁ ਲਿਫਣਾ ਜੀ।
ਛਾਤੀ ਠੋਰ ਕੇ ਕਹਿ ਦਿਉ ਭਾਗੋਆਂ ਨੂੰ
ਨਸ਼ੇ ਮਾਇਆ ਦੇ ਨਾਲ਼ ਨਾ ਵਿਕਣਾ ਜੀ।
ਬਣਕੇ ਦੱਸਦੇ ਸਾਰੇ ਹੀ ਦੁੱਧ ਧੋਤੇ
ਆਪੋ ਆਪਣੀ ਕੁਰਸੀ ਨੂੰ ਟੋਲ਼ਦੇ ਆ।
ਬਣਿਉਂ ਆਪ ਸਿਆਣੇ ਹੁਣ ਵੋਟਰੋ ਜੀ
ਲੀਡਰ ਲੋਕ ਤਾਂ ਕੜ੍ਹੀ ਹੀ ਘੋਲ਼ ਰਹੇ ਆ!



–ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਮਸ਼ਵਰਾ

ਸੁਣੀਆਂ ਸੁਣਾਈਆਂ ਗੱਲਾਂ
ਦਾ ਕਦੇ ਸੱਚ ਨਹੀਂ ਹੁੰਦਾ
ਮੂੰਹ 'ਚੋਂ ਬੋਲਣ ਲੱਗਿਆਂ
ਪਹਿਲਾਂ ਸੋਚ ਲਵੋ।

ਚੋਰ ਕਿਸੇ ਨੂੰ ਕਹਿਣਾ
ਗੱਲ ਮੁਨਾਸਬ ਨਹੀਂ
ਇਕ ਇਕ ਕਰਕੇ
ਹਰ ਮਸਲੇ ਨੂੰ ਘੋਖ ਲਵੋ।

ਬਿਨਾਂ ਸਬੂਤੋਂ ਕਿਸੇ
ਤੇ ਢੱਡਾ ਥੱਪੋ ਨਾ
ਜਿੱਤ ਹਾਰ ਨੂੰ ਦੁਸ਼ਮਣੀ
ਦੇ ਵੱਲ ਧੱਕੋ ਨਾ।

ਭੱਦੀ ਭਾਸ਼ਾ ਇਕ ਦੂਜੇ
ਨੂੰ ਬੋਲੋ ਨਾ
ਬਿਨਾਂ ਸੋਚਿਆਂ ਕੁਫਰ
ਕਿਸੇ 'ਤੇ ਤੋਲੋ ਨਾ।

'ਨੂਰਪੁਰੀ' ਦਾ ਮਸ਼ਵਰਾ
ਕਦੇ ਭੁਲਾਓ ਨਾ।
ਲੋਕਾਂ ਦੇ ਪਰਿਵਾਰਾਂ
ਵਿਚ ਫੁੱਟ ਪਾਓ ਨਾ।

ਗੁਰਦਿਆਲ ਸਿੰਘ 'ਨੂਰਪੁਰੀ
408-659-5880

# ਬੀਜਣਾ ਅਤੇ ਕੱਟਣਾ

ਪਾਸਟਰ ਬਸਾਰਤ ਮਸੀਹ
91-88474-76383

ਕਿਸਾਨ ਬੀਜ ਕਿਓਂ ਬੀਜਦਾ ਹੈ? ਕਿਓਂਕਿ ਉਹ ਜਾਣਦਾ ਹੈ ਕਿ ਇਹ ਬੀਜ ਕੁਝ ਦਿਨਾਂ ਪਿਛੋਂ ਕਈ ਗੁਣਾ ਵਧ ਜਾਣਗੇ। ਕਣਕ ਦਾ ਇੱਕ ਬੀਜ ਜਦੋਂ ਇੱਕ ਸਿੱਟੇ ਦਾ ਰੂਪ ਲੈ ਲੈਂਦਾ ਹੈ। ਇੱਕ ਬੀਜ ਤੋ ਅਣਗਿਣਤ ਬੀਜ ਤਿਆਰ ਹੋ ਜਾਂਦੇ ਹਨ।

ਪਵਿੱਤਰ ਬਾਈਬਲ ਵਿੱਚ ਲਿਖਿਆ ਹੈ "ਧੋਖਾ ਨਾ ਖਾਓ, ਪ੍ਰਮੇਸ਼ਵਰ ਮਖੌਲਾਂ ਵਿੱਚ ਨਹੀ ਉਡਾਇਆ ਜਾਂਦਾ, ਕਿਓਂ ਜੋ ਮਨੁਖ ਜੋ ਕੁਝ ਬੀਜੇਗਾ ਉਹੀ ਵੱਡੇਗਾ। ਗਲਾਤੀਆਂ 6:7"

ਅਸੀ ਨਫਰਤ ਬੀਜ ਕੇ ਪਿਆਰ ਨਹੀ ਵੱਡ ਸਕਦੇ, ਪਾਪ ਬੀਜ ਕੇ ਜੀਵਨ ਨਹੀ ਵੱਡ ਸਕਦੇ, ਕੰਟੀਲੀ ਬੂਟੀ ਬੀਜ ਕੇ ਅੰਗੂਰ ਨਹੀ ਵੱਡ ਸਕਦੇ ਉਸੇ ਤਰਾਂ ਅਸੀ ਪ੍ਰਮੇਸ਼ਵਰ ਪਿਤਾ ਦੇ ਨਿਯਮਾਂ ਨੂੰ ਨਾ ਮੰਨ ਕੇ ਉਸ ਦੀਆਂ ਅਸ਼ੀਸ਼ਾ ਨੂੰ ਨਹੀ ਕਟ ਸਕਦੇ। ਪ੍ਰਮੇਸ਼ਵਰ ਪਿਤਾ ਨੂੰ ਸਾਡੇ ਪੈਸੇ ਦੀ ਲੋੜ ਨਹੀ ਸਗੋਂ ਉਹ ਸਾਨੂੰ ਭਰਪੂਰੀ ਦਾ ਜੀਵਨ ਦੇਣਾ ਚਾਹੁੰਦਾ ਹੈ। ਉਹ ਮਨੁਖ ਨੂੰ ਧਨੀ ਅਤੇ ਖੁਸ਼ਹਾਲ ਹੋਣ ਦਾ ਸਿਧਾਂਤ ਸਿਖਾ ਰਿਹਾ ਹੈ। ਉਸੇ ਤਰਾਂ ਜੇਕਰ ਅਸੀ ਆਪਣਾ ਪੈਸਾ ਚੰਗੇ ਤੇ ਭਲੇ ਕਾਰਜਾਂ ਵਾਸਤੇ ਦੇਂਦੇ ਹਾਂ ਤਾਂ ਪ੍ਰਮੇਸ਼ਵਰ ਪਿਤਾ ਇਹ ਪੱਕਿਆਂ ਕਰਨਗੇ ਕਿ ਸਾਡੀਆਂ ਆਉਣ ਵਾਲੀਆਂ ਪੀੜੀਆਂ ਤਕ ਇਸ ਦਾ ਪ੍ਰਤਿਫਲ ਦੇਂਦੇ ਰਹਿਣ।

ਵਿਲਿਅਮ ਜਵਾਨੀ ਵੇਲੇ ਬੇਰੋਜਗਾਰ ਸੀ। ਫੇਰ ਉਸ ਨੂੰ ਇੱਕ ਦਿਨ ਇੱਕ ਸਾਬਣ ਬਣਾਉਣ ਵਾਲੀ ਫ਼ੈਕ੍ਟਰੀ ਵਿੱਚ ਨੌਕਰੀ ਮਿਲ ਜਾਂਦੀ ਹੈ। ਪਰ ਅਜੇ ਵੀ ਉਹ ਗਰੀਬੀ ਤੋਂ ਮੁਕਤ ਨਹੀ ਹੋਇਆ ਸੀ। ਇੱਕ ਦਿਨ ਉਸਨੇ ਆਪਣੀ ਬਾਈਬਲ ਖੋਲੀ ਅਤੇ ਉਸ ਵਿੱਚ ਦਸਵੰਦ ਬਾਰੇ ਪੜਿਆ (ਉਤਪਤੀ 28:20-22)। ਉਸੇ ਦਿਨ ਪਵਿੱਤਰ ਬਾਣੀ ਦੇ ਹਵਾਲੇ ਨੂੰ ਆਪਣੇ ਜੀਵਨ ਵਿੱਚ ਜ੍ਗਾ ਦਿੱਤੀ। ਪ੍ਰਮੇਸ਼ਵਰ ਦੇ ਘਰ ਵਾਸਤੇ ਬੀਜ ਬੋਏਆ ਅਤੇ ਜਲਦੀ ਹੀ ਉਹ ਇੱਕ ਸਫਲ ਕਾਰੋਬਾਰੀ ਬਣ ਗਿਆ।

ਇੱਕ ਸੇਬ ਵਿਚਲੇ ਬੀਜਾਂ ਨੂੰ ਅਸੀ ਗਿਣ ਸਕਦੇ ਹਾਂ ਪਰ ਇੱਕ ਬੀਜ ਵਿੱਚ ਕਿੰਨੇ ਸੇਬ ਹਨ, ਅਸੀ ਸ਼ਾਯਦ ਹੀ ਗਿਣ ਸਕੀਏ। ਅੱਜ ਵਿਲਿਅਮ ਕੋਲਗੇਟ ਦੀਆਂ 221 ਮੁਲਕਾਂ ਵਿੱਚ 500 ਕੰਪਨੀਆਂ ਹਨ। ਵਿਲਿਅਮ ਕੋਲਗੇਟ ਦੇ ਫੈਸਲੇ ਨੇ ਉਸਦੇ ਸਾਰੇ ਘਰਾਨੇ ਨੂੰ ਅਰਬਪਤਿ ਬਣਾ ਦਿੱਤਾ। ਪ੍ਰਮੇਸ਼ਵਰ ਆਪਣੇ ਵਚਨ ਅੰਦਰ ਵਾਦਾ ਕਰਦੇ ਹਨ ਕਿ ਮੈਂ ਇੱਕ ਹਜ਼ਾਰ ਪੀੜੀ ਤੱਕ ਤੁਹਾਨੂੰ ਆਸ਼ੀਸ਼ ਦਿੰਦਾ ਰਹਾਂਗਾ।

ਪਿਆਰੇ ਭੈਣੋ ਅਤੇ ਭਰਾਵੋ, ਸਾਵਧਾਨ ਰਹੋ ਅੱਜ ਅਸੀ ਕਿਸ ਪ੍ਰਕਾਰ ਦਾ ਜੀਵਨ ਗੁਜਾਰ ਰਹੇ ਹਾਂ। ਜੋ ਕੁਝ ਵੀ ਅਸੀ ਬੀਜ ਰਹੇਂ ਹਾਂ ਇੱਕ ਦਿਨ ਸਾਨੂੰ ਜਾਂ ਸਾਡੇ ਬੱਚੇਆਂ ਨੂੰ ਵੱਡਣਾ ਪਵੇਗਾ। ਅਤੇ ਜਰੂਰ ਹੈ ਜੋ ਇਸ ਜੀਵਨ ਵਿੱਚ ਅਤੇ ਇਸਦੇ ਬਾਦ ਵੀ ਸਾਨੂੰ ਲੇਖਾ ਦੇਣਾ ਪਵੇਗਾ। ਪ੍ਰਮੇਸ਼ਵਰ ਪਿਤਾ ਆਪ ਜੀ ਨੂੰ ਇਸ ਲੇਖ ਦੁਆਰਾ ਆਸ਼ੀਸ਼ ਦੇਣ।

### ਇੱਕ ਅਪੀਲ

ਅਸੀ ਦੀਨਾਨਗਰ ਸਥਿਤ ਪ੍ਰਾਰਥਨਾ ਭਵਨ ਦੀ ਉਸਾਰੀ ਵਾਸਤੇ ਆਪ ਜੀ ਦਾ ਸਹਿਯੋਗ ਮੰਗਦੇ ਹਾਂ। ਜੋ ਆਪ ਜੀ ਆਪਣੀ ਕਿਰਤ ਕਮਾਈ ਵਿਚੋਂ ਥੋੜਾ ਦਾਨ ਦੇਵੋ ਜੀ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਪ੍ਰਮੇਸ਼ਵਰ ਪਿਤਾ ਆਪ ਜੀ ਨੂੰ ਇਸਦਾ ਅਜਰ ਜਰੂਰ ਦੇਣਗੇ। ਦਾਨ ਭੇਜਣ ਵਾਸਤੇ ਬੈਂਕ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ। ਅਸੀ ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

Name: Basarat Masih
V.P.O. Awankha Dinanagar District Gurdaspur 143531 INDIA
Bank: ICICI Bank Ltd.



Brach: Dinanagar
A/c No: 006601027344
Swift-BIC code: ICICINBBNRI
IFSC Code: ICIC0003559

# ਪੰਜਾਬੀ ਸੱਭਿਆਚਾਰ ਤੇ ਪਰਿਵਾਰਕ ਰਿਸ਼ਤਿਆਂ ਦੀ ਖ਼ੂਬਸੂਰਤ ਕਹਾਣੀ ਹੋਵੇਗੀ ਫ਼ਿਲਮ 'ਮੁਕਲਾਵਾ'



ਗਾਇਕ ਤੋਂ ਅਦਾਕਾਰੀ ਵਿੱਚ ਸਫ਼ਲ ਹੋਏ ਐਮੀ ਵਿਰਕ ਦੀਆਂ ਫ਼ਿਲਮਾਂ ਨੂੰ ਦਰਸ਼ਕਾਂ ਦਾ ਬੇਹੱਦ ਪਿਆਰ ਮਿਲਿਆ ਹੈ। ਅੱਜ ਕਲ ਐਮੀ ਵਿਰਕ ਸੋਨਮ ਬਾਜਵਾ ਨਾਲ ਆ ਰਹੀ ਫ਼ਿਲਮ 'ਮੁਕਲਾਵਾ' ਕਰਕੇ ਚਰਚਾ ਵਿੱਚ ਹੈ। ਵਾਇਟ ਹਿੱਲ ਸਟੂਡੀਓ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦਾ ਨਿਰਮਾਤਾ ਗੁਣਬੀਰ ਸਿੰਘ ਸਿੱਧੂ ਤੇ ਮਨਮੋਰਡ ਸਿੰਘ ਸਿੱਧੂ ਹਨ। ਇਸ ਫ਼ਿਲਮ ਨੂੰ 'ਅੰਗਰੇਜ਼ ਫ਼ਿਲਮ ਨਾਲ ਸੁਰਖੀਆਂ ਵਿੱਚ ਆਏ ਨਿਰਦੇਸ਼ਕ ਸਿਮਰਜੀਤ ਨੇ ਬਣਾਇਆ ਹੈ। 1965 ਦੇ ਜ਼ਮਾਨੇ ਦੀ ਇਸ ਫ਼ਿਲਮ ਵਿੱਚ ਪੁਰਾਣੇ ਵਿਆਹਾਂ ਦੀ ਇੱਕ ਅਹਿਮ ਰਸਮ 'ਮੁਕਲਾਵਾ' ਨੂੰ ਆਧਾਰ ਬਣਾ ਕੇ ਮਨੋਰੰਜਨ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਇਸ ਫ਼ਿਲਮ ਵਿੱਚ ਐਮੀ ਵਿਰਕ ਤੇ ਸੋਨਮ ਬਾਜਵਾ ਨੇ ਮੁੱਖ ਭੂਮਿਕਾ ਨਿਭਾਈ ਹੈ, ਕਰਮਜੀਤ ਅਨਮੋਲ, ਗੁਰਪ੍ਰੀਤ ਘੁੱਗੀ , ਬੀ ਐਨ ਸ਼ਰਮਾ, ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਪਰਮਿੰਦਰ ਕੌਰ ਗਿੱਲ, ਰਾਖੀ ਹੁੰਦਲ, ਸੁਖਬੀਰ ਸਿੰਘ, ਸਰਬਜੀਤ ਚੀਮਾ, ਦ੍ਰਿਸ਼ਟੀ ਗਰੇਵਾਲ, ਤਰਸੇਮ ਪੌਲ, ਅਨੀਤਾ ਸਬਦੀਸ਼, ਵੰਦਨਾ ਕਪੂਰ, ਸੁਖਵਿੰਦਰ ਚਹਿਲ, ਦਿਲਾਵਰ ਸਿੱਧੂ, ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਉਪਿੰਦਰ ਵੜੈਚ ਤੇ ਜਗਜੀਤ ਸੈਣੀ ਨੇ ਲਿਖਿਆ ਹੈ। ਇਹ ਫ਼ਿਲਮ ਸਾਂਝੇ ਪਰਿਵਾਰਾਂ ਦੀ ਅਹਿਮੀਅਤ ਅਤੇ ਸਮਾਜਿਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਸਾਰਥਕ ਕਾਮੇਡੀ ਅਧਾਰਤ ਇੱਕ ਪਰਿਵਾਰਕ ਕਹਾਣੀ ਦੀ ਪੇਸ਼ਕਾਰੀ ਹੈ। 24 ਮਈ ਨੂੰ ਰਿਲੀਜ਼ ਹੋਣ ਵਾਲੀ ਇਸ ਫ਼ਿਲਮ ਦਾ ਟਰੇਲਰ ਦਰਸ਼ਕਾਂ ਦੀ ਪਸੰਦ ਬਣਿਆ ਹੋਇਆ ਹੈ। ਇਸ ਫਿਲਮ ਦਾ ਗੀਤ ਸੰਗੀਤ ਵੀ ਕਹਾਣੀ ਮੁਤਾਬਕ ਸੁਣਨਯੋਗ ਹੈ। ਫ਼ਿਲਮ ਦਾ ਸੰਗੀਤ ਗੁਰਮੀਤ ਸਿੰਘ ਨੇ ਦਿੱਤਾ ਹੈ। ਫ਼ਿਲਮ ਦੇ ਗੀਤ ਹੈਪੀ ਰਾਏਕੋਟੀ, ਹਰਮਨਜੀਤ, ਵਿੰਦਰ ਨੱਥੂਮਾਜਰਾ ਅਤੇ ਵੀਤ ਬਲਜੀਤ ਨੇ ਲਿਖੇ ਹਨ ਜਿਸ ਨੂੰ ਐਮੀ ਵਿਰਕ, ਮੰਨਤ ਨੂਰ ਅਤੇ ਕਈ ਹੋਰ ਨਾਮੀਂ ਗਾਇਕਾਂ ਨੇ ਗਾਇਆ ਹੈ।

**–ਹਰਜਿੰਦਰ ਸਿੰਘ ਜਵੰਦਾ**
**91-94638-28000**

# 'ਮੁਕਲਾਵਾ' 'ਚ ਬਿਖ਼ੇਰੇਗਾ ਅਦਾਕਾਰੀ ਦੇ ਰੰਗ - ਸਰਬਜੀਤ ਚੀਮਾ



ਪੰਜਾਬੀ ਗਾਇਕੀ 'ਚ ਗਾਇਕ ਸਰਬਜੀਤ ਚੀਮਾ ਦਾ ਮਿਆਰੀ ਗਾਇਕੀ ਕਰਕੇ ਅਹਿਮ ਸਥਾਨ ਹੈ। ਕਿਤੇ ਉਹ ਆਪਣੇ ਰੰਗਲੇ ਪੰਜਾਬ ਦੀ ਗੱਲ ਕਰਦਾ ਹੈ ਕਿਤੇ ਰੰਗਲੇ ਪੰਜਾਬ ਦੀਆਂ ਮੁਟਿਆਰਾਂ ਦੀ, ਉਹ ਭੰਗੜੇ ਦਾ ਬਾਦਸ਼ਾਹ ਵੀ ਹੈ ਉਸਦੇ ਗੀਤਾਂ 'ਚ ਪੰਜਾਬ ਦੇ ਅਮੀਰ ਸੱਭਿਆਚਾਰ ਦੀ ਝਲਕ ਵੇਖਣ ਨੂੰ ਮਿਲਦੀ ਹੈ। ਉਸਦੇ ਗੀਤਾਂ ਦੇ ਵੀਡੀਓ ਵੀ ਮਨ ਨੂੰ ਝੰਜੋੜ ਜਾਂਦੇ ਹਨ। ਕਿਤੇ ਉਹ ਆਪਣੀ ਮਿੱਟੀ ਆਪਣਾ ਵਤਨ ਛੱਡਕੇ ਵਿਦੇਸ਼ਾਂ ਦੀ ਧਰਤੀ 'ਤੇ ਸੰਤਾਪ ਹੰਢਾਉਂਦੇ ਵਿਅਕਤੀ ਦੀ ਗੱਲ ਕਰਦਾ ਹੈ ਤੇ ਕਿਤੇ ਪੰਜਾਬ ਦੀ ਡੁੱਬ ਰਹੀ ਕਿਸਾਨੀ ਦੀ ਗੱਲ ਕਰਦਾ ਹੈ ਉਸਦੇ ਸੀਨੇ ਪੰਜਾਬ ਪ੍ਰਤੀ ਦਰਦ ਹੈ। ਉਹ ਇੱਕ ਅੱਛਾ ਗਾਇਕ, ਅਦਾਕਾਰ ਹੋਣ ਦੇ ਨਾਲ-ਨਾਲ ਚੰਗਾ ਇਨਸਾਨ ਵੀ ਹੈ। ਮਾਂ ਬੋਲੀ ਦਾ ਸੱਚਾ ਸਪੂਤ, ਮਾਂ ਖੇਡ ਕਬੱਡੀ ਲਈ ਖਿਡਾਰੀਆਂ ਨੂੰ ਹੱਲਾਸ਼ੇਰੀ ਵੀ ਦਿੰਦਾ ਹੈ। ਇਹ ਹਰਮਨ ਪਿਆਰਾ ਗਾਇਕ ਤੇ ਅਦਾਕਾਰ- ਸਰਬਜੀਤ ਚੀਮਾ

ਜ਼ਿਲ੍ਹਾ ਜਲੰਧਰ ਦੇ ਚੀਮਾ ਕਲਾਂ ਦਾ ਜੰਮਪਲ ਸਰਬਜੀਤ ਚੀਮਾ ਗਾਇਕੀ 'ਚ ਆਉਣ ਤੋਂ ਪਹਿਲਾਂ ਭੰਗੜਾ ਪਾਉਂਦਾ ਰਿਹਾ ਹੈ। ਉਹ ਜਲੰਧਰ ਦੇ ਲਾਇਲਪੁਰ ਕਾਲਜ ਵਿਚ ਲਗਾਤਾਰ ਪੰਜ ਸਾਲ ਭੰਗੜੇ ਦੀ ਟੀਮ ਦਾ ਮੈਂਬਰ ਰਿਹਾ ਹੈ। ਬਲਰਾਜ ਬੱਸੀ ਅਤੇ ਬੀ ਐਸ ਨਾਰੰਗ ਤੋਂ ਸੰਗੀਤਕ ਸਮਝ ਲੈਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਸਾਲ 1993 'ਚ ਪਲੇਠੀ ਐਲਬਮ 'ਯਾਰ ਨੱਚਦੇ' ਨਾਲ ਕੀਤੀ। ਪਰ ਉਨ੍ਹਾਂ ਦੀ ਗਾਇਕੀ ਦੀ ਅਸਲ ਸ਼ੁਰੂਆਤ 1996 'ਚ 'ਮੇਲਾ ਦੇਖਦੀਏ ਮੁਟਿਆਰੇ' ਐਲਬਮ ਨਾਲ ਹੋਈ ਸੀ। ਇਸ ਐਲਬਮ ਤੋਂ ਬਾਅਦ ਸਰਬਜੀਤ ਚੀਮਾ ਦੀ ਗਾਇਕੀ ਦੇ ਸਫ਼ਰ ਨੇ ਐਸੀ ਰਫ਼ਤਾਰ ਫੜ੍ਹੀ ਕਿ ਉਹ ਅੱਜ ਵੀ ਲੱਖਾਂ ਲੋਕਾਂ ਦਾ ਹਰਮਨ ਪਿਆਰਾ ਗਾਇਕ ਤੇ ਅਦਾਕਾਰ ਹੈ। 24 ਮਈ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ 'ਮੁਕਲਾਵਾ' ਵਿੱਚ ਪੰਜਾਬੀ ਗਾਇਕ ਤੇ ਅਦਾਕਾਰ ਸਰਬਜੀਤ ਚੀਮਾ ਵੀ ਅਹਿਮ ਭੂਮਿਕਾ ਵਿੱਚ ਨਜ਼ਰ ਆਵੇਗਾ। ਪੰਜਾਬੀ ਗਾਇਕੀ ਦੇ ਖੇਤਰ ਵਿੱਚ ਅਹਿਮ ਸਥਾਨ ਰੱਖਣ ਵਾਲਾ ਸਰਬਜੀਤ ਚੀਮਾ ਇਸ ਤੋਂ ਪਹਿਲਾਂ ਵੀ 'ਆਪਣੀ ਬੋਲੀ ਆਪਣਾ ਦੇਸ', 'ਹਾਣੀ', 'ਪੰਜਾਬ ਬੋਲਦਾ', 'ਯਾਰ ਅਣਮੁੱਲੇ-2' ਆਦਿ ਕਈ ਫ਼ਿਲਮਾਂ ਵਿੱਚ ਦਮਦਾਰ ਭੂਮਿਕਾ ਨਿਭਾ ਚੁੱਕਾ ਹੈ। ਸਰਬਜੀਤ ਚੀਮਾ ਦੀ ਬਤੌਰ ਹੀਰੋ ਪਹਿਲੀ ਪੰਜਾਬੀ ਫ਼ਿਲਮ 'ਪਿੰਡ ਦੀ ਕੁੜੀ' ਸੀ। ਸਰਬਜੀਤ ਚੀਮਾ ਦੀ ਪਿਛਲੇ ਸਾਲ ਚਰਚਿਤ ਫ਼ਿਲਮ 'ਅਸ਼ਕੇ' ਵਿੱਚ ਵੀ ਇਕ ਪ੍ਰਭਾਵਸ਼ਾਲੀ ਕਿਰਦਾਰ ਵਿੱਚ ਨਜ਼ਰ ਆਇਆ ਸੀ। ਸਰਬਜੀਤ ਚੀਮਾ ਦਾ ਕਹਿਣਾ ਹੈ ਕਿ ਇਸ ਸਾਲ 4 ਜਨਵਰੀ ਨੂੰ ਵੱਡੇ ਬੱਜਟ ਦੀ ਫਿਲਮ 'ਦੁੱਲਾ ਵੈਲੀ' ਰਿਲੀਜ਼ ਹੋਈ, ਜਿਸ ਵਿੱਚ ਗੁੱਗੂ ਗਿੱਲ ਤੇ ਯੋਗਰਾਜ ਨਾਲ ਕੰਮ ਕਰਨਾ, ਮੇਰੇ ਤੇ ਮੇਰੇ ਬੇਟੇ ਗੁਰਵਰ ਚੀਮਾ ਲਈ ਮਾਣ ਵਾਲੀ ਗੱਲ ਹੈ। ਜਿਸ ਨਾਲ ਗੁਰਵਰ ਚੀਮਾ ਨੇ ਆਪਣਾ ਫਿਲਮੀ ਸਫਰ ਸ਼ੁਰੂ ਕੀਤਾ। ਵੈਸੇ ਅਦਾਕਾਰੀ ਦੇ ਨਾਲ-ਨਾਲ ਗੁਰਵਰ ਚੀਮਾ ਦਾ ਜਲਦ ਹੀ ਸਿੰਗਲ ਟਰੈਕ ਵੀ ਆ ਰਿਹਾ ਹੈ। ਗਾਇਕੀ ਵਿੱਚ ਵੀ ਉਹ ਆਪਣੀ ਕਿਸਮਤ ਅਜ਼ਮਾਏਗਾ। ਵੈਨਕੂਵਰ ਵਿੱਚ ਭੰਗੜੇ ਦੀ ਅਕੈਡਮੀ ਚਲਾ ਰਿਹਾ ਹੈ, ਕਨੇਡਾ ਦੀ ਧਰਤੀ ਤੇ ਰਹਿ ਕੇ ਵੀ ਉਹ ਆਪਣੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਦਾ ਹੈ। ਉਥੋਂ ਦਾ ਜੰਮਪਲ ਹੋਕੇ ਵੀ ਉਹ ਆਪਣੀਆਂ ਜੜ੍ਹਾਂ ਨਾਲੋਂ ਨਹੀਂ ਟੁੱਟਿਆ, ਜੋ ਮੇਰੇ ਲਈ ਮਾਣ ਵਾਲੀ ਗੱਲ ਹੈ।

ਗਾਇਕ ਤੇ ਅਦਾਕਾਰ ਸਰਬਜੀਤ ਚੀਮਾ ਹੁਣ ਫਿਲਮ 'ਮੁਕਲਾਵਾ' ਵਿੱਚ ਐਮੀ ਵਿਰਕ ਦੇ ਵੱਡੇ ਭਰਾ ਦੇ ਕਿਰਦਾਰ ਵਿੱਚ ਦਿਖਾਈ ਦੇਵੇਗਾ। 'ਵਾਈਟ ਹਿੱਲ ਸਟੂਡੀਓ' ਦੀ ਪੇਸ਼ਕਸ਼ ਨਿਰਮਾਤਾ ਗੁਨਬੀਰ ਸਿੰਘ ਸਿੱਧੂ ਅਤੇ ਮਨਮੋਰਡ ਸਿੰਘ ਸਿੱਧੂ ਦੀ ਇਸ ਫ਼ਿਲਮ ਨੂੰ ਸਿਮਰਜੀਤ ਸਿੰਘ ਨੇ ਨਿ-ਰਦੇਸ਼ਤ ਕੀਤਾ ਹੈ।

ਇਸ ਵਿੱਚ ਐਮੀ ਵਿਰਕ ਤੇ ਸਰਬਜੀਤ ਚੀਮਾ ਤੋਂ ਇਲਾਵਾ ਸੋਨਮ ਬਾਜਵਾ, ਦ੍ਰਿਸ਼ਟੀ ਗਰੇਵਾਲ, ਗੁਰਪ੍ਰੀਤ ਘੁੱਗੀ, ਬੀ ਐਨ ਸ਼ਰਮਾ, ਕਰਮਜੀਤ ਅਨਮੋਲ, ਨਿਰਮਲ ਰਿਸ਼ੀ, ਅਨੀਤਾ ਸ਼ਬਦੀਸ਼ ਸਮੇਤ ਕਈ ਨਾਮੀਂ ਚਿਹਰੇ ਨਜ਼ਰ ਆਉਂਣਗੇ। ਸਰਬਜੀਤ ਚੀਮਾ ਮੁਤਾਬਕ ਇਹ ਫਿਲਮ 1980 ਦੇ ਦਹਾਕੇ ਦੀ ਕਹਾਣੀ ਹੈ। ਫਿਲਮ ਵਿੱਚ ਸਾਂਝੇ ਪਰਿਵਾਰਾਂ ਦੀ ਕਹਾਣੀ ਦੇ ਨਾਲ-ਨਾਲ ਮੁਕਲਾਵੇ ਦੀ ਰਸਮ ਅਤੇ ਮੁਕਲਾਵੇ ਨੂੰ ਤਰਸ ਰਹੇ ਇਕ ਮੁੰਡੇ ਦੀ ਕਹਾਣੀ ਨੂੰ ਬਿਆਨ ਕੀਤਾ ਗਿਆ ਹੈ। ਇਸ ਵਿੱਚ ਉਸ ਦਾ ਕਿਰਦਾਰ ਵੀ ਦਰਸ਼ਕਾਂ ਨੂੰ ਬੇਹੱਦ ਪਸੰਦ ਆਵੇਗਾ। ਅਦਾਕਾਰਾ ਦ੍ਰਿਸ਼ਟੀ ਗਰੇਵਾਲ ਫਿਲਮ ਵਿੱਚ ਉਸ ਦੀ ਪਤਨੀ ਬਣੀ ਹੈ। ਚੀਮੇ ਮੁਤਾਬਕ ਅਜਿਹੀਆਂ ਪਰਿਵਾਰਕ ਤੇ ਸੱਭਿਆਚਾਰਕ ਫ਼ਿਲਮਾਂ ਦੀ ਪੰਜਾਬੀ ਸਿਨੇਮੇ ਨੂੰ ਬਹੁਤ ਲੋੜ ਹੈ। ਇਸ ਤਰ੍ਹਾਂ ਦੀਆਂ ਫ਼ਿਲਮਾਂ ਹੀ ਪੰਜਾਬੀ ਪਰਿਵਾਰਾਂ ਨੂੰ ਪੰਜਾਬੀ ਸਿਨੇਮੇ ਨਾਲ ਜੋੜ ਸਕਦੀਆਂ ਹਨ। ਗਾਇਕ ਤੇ ਅਦਾਕਾਰ ਸਰ-ਬਜੀਤ ਚੀਮਾ ਦੀ ਮਿਹਨਤ ਤੇ ਲਗਨ ਨੂੰ ਪਰਮ-ਪ੍ਰਮਾਤਮਾ ਹੋਰ ਤਰੱਕੀਆਂ ਬਖਸ਼ੇ।

**ਗੁਰਬਾਜ ਗਿੱਲ 91-98723-62507**

# ਸਮਾਜਿਕ ਮੁੱਦਿਆਂ 'ਤੇ ਗੱਲ ਕਰੇਗੀ ਰਵਿੰਦਰ ਗਰੇਵਾਲ ਦੀ ਫ਼ਿਲਮ 'ਪੰਦਰਾਂ ਲੱਖ'

ਫਰਾਈਡੇ ਰਸ਼ ਮੋਸ਼ਨ ਪਿਕਚਰਜ਼ ਦਾ ਬੈਨਰ ਹਮੇਸ਼ਾਂ ਸਫ਼ਲ ਫ਼ਿਲਮਾਂ ਦੇਣ ਕਰਕੇ ਚਰਚਾ ਵਿੱਚ ਰਿਹਾ ਹੈ। ਇਸ ਬੈਨਰ ਦੀ ਨਿਰਮਾਤਾ ਜੋੜੀ ਰੁਪਾਲੀ ਗੁਪਤਾ ਤੇ ਦੀਪਕ ਗੁਪਤਾ ਨੇ ਆਪਣੀ ਸਮੁੱਚੀ ਟੀਮ ਨਾਲ ਰਲ ਕੇ ਚੰਗੀਆਂ ਅਰਥ ਭਰਪੂਰ ਫ਼ਿਲਮਾਂ ਦਾ ਨਿਰਮਾਣ ਕੀਤਾ ਹੈ। 'ਮਿਸਟਰ ਐਂਡ ਮਿਸ਼ਿਜ 420' ਦੀ ਸਫ਼ਲਤਾਂ ਤੋਂ ਬਾਅਦ ਨੌਜਵਾਨਾਂ ਵਿੱਚ ਵਧ ਰਹੇ ਨਸ਼ਿਆਂ ਦੇ ਪ੍ਰਭਾਵ 'ਤੇ ਵਿਅੰਗ ਕਰਦੀ ਕਾਮੇਡੀ ਫ਼ਿਲਮ 'ਮਿਸਟਰ ਐਂਡ ਮਿਸਿਜ਼ 420 ਰਿਟਰਨ' ਫਿਰ ਪੰਜਾਬੀ ਮਾਂ ਬੋਲੀ ਦੇ ਘੱਟਦੇ ਜਾ ਰਹੇ ਸਤਿਕਾਰ 'ਤੇ ਚਿੰਤਾਂ ਪ੍ਰਗਟਾਉਂਦੀ ਫ਼ਿਲਮ 'ਅ' ਵੀ ਦਰਸ਼ਕਾਂ ਦੀ ਪਸੰਦ ਬਣੀ। ਹੁਣ ਜਿਹੜੀ ਨਵੀਂ ਆ ਰਹੀ ਫ਼ਿਲਮ ਦੀ ਗੱਲ ਕਰ ਰਹੇ ਹਾਂ ਉਹ ਦਰਸ਼ਕਾਂ ਨੂੰ ਹਸਾਉਣ ਦੇ ਇਲਾਵਾ ਸਮਾਜ ਨਾਲ ਜੁੜੇ ਵੱਖ ਵੱਖ ਅਹਿਮ ਮੁੱਦਿਆਂ ਬਾਰੇ ਸੋਚਣ ਲਈ ਮਜਬੂਰ ਵੀ ਕਰੇਗੀ।



ਇਸ ਫਿਲਮ ਵਿੱਚ ਮੁੱਖ ਭੂਮਿਕਾ ਗਾਇਕ ਰਵਿੰਦਰ ਗਰੇਵਾਲ ਨੇ ਨਿਭਾਈ ਹੈ। ਐਨ ਵੋਟਾਂ ਸਿਰ ਰਿਲੀਜ਼ ਹੋ ਰਹੀ ਇਸ ਫ਼ਿਲਮ ਦਾ ਵਿਸ਼ਾ ਸਿਆਸੀ ਰੰਗਤ ਵਾਲਾ ਹੈ। ਫਰਾਈਡੇ ਰਸ਼ ਪਿਕਚਰਜ਼ ਦੇ ਬੈਨਰ ਹੇਠ ਨਿਰਮਾਤਾ ਰੁਪਾਲੀ ਗੁਪਤਾ ਦੀ ਇਸ ਨਵੀਂ ਰਿਲੀਜ਼ ਹੋਣ ਵਾਲੀ ਫ਼ਿਲਮ ਦਾ ਨਾਂ ਹੈ 'ਪੰਦਰਾਂ ਲੱਖ ਕਦੋਂ ਆਉਗਾ'?

ਫ਼ਿਲਮ ਦਾ ਟਾਇਟਲ ਵੇਖਦਿਆਂ ਹਰੇਕ ਦਰਸ਼ਕ, ਸਿਨੇਮਾ ਪ੍ਰੇਮੀ ਦਾ ਧਿਆਨ ਵੋਟਾਂ ਵੇਲੇ ਲੱਗੇ ਸਿਆਸੀ ਲਾਰਿਆਂ ਵੱਲ ਜਾਵੇਗਾ ਪਰ ਅਸੀਂ ਇਸ ਬਾਰੇ ਕੁਝ ਵੀ ਨਹੀਂ ਕਹਾਂਗੇ। ਹਾਂ, ਇੰਨੀ ਗੱਲ ਜਰੂਰ ਕਹਿ ਸਕਦੇ ਹਾਂ ਕਿ ਦਰਸ਼ਕ ਇਸ ਫ਼ਿਲਮ ਵਿੱਚ ਗਾਇਕ ਤੋਂ ਨਾਇਕ ਬਣੇ ਰਵਿੰਦਰ ਗਰੇਵਾਲ ਨੂੰ ਪਹਿਲੀ ਵਾਰ ਵੱਖ ਵੱਖ ਦਿਲਚਸਪ ਕਿਰਦਾਰਾਂ ਵਿੱਚ ਵੇਖਣਗੇ, ਜੋ ਉਸਦੇ ਫ਼ਿਲਮੀ ਕੈਰੀਅਰ ਨੂੰ ਉੱਚਾ ਲੈ ਕੇ ਜਾਵੇਗੀ। ਤੇ ਪੰਜਾਬੀ ਪਰਦੇ 'ਤੇ ਉਸਦੀ ਇੱਕ ਖਾਸ਼ ਪਹਿਚਾਣ ਬਣੇਗੀ। ਫ਼ਿਲਮ ਦਾ ਨਿਰਦੇਸ਼ਕ ਅਨੇਕਾਂ ਨਾਮੀਂ ਨਿਰਦੇਸ਼ਕਾਂ ਦਾ ਸਹਾਇਕ ਰਿਹਾ ਮਨਪ੍ਰੀਤ ਬਰਾੜ ਹੈ ਜਿਸਦੀ ਬਤੌਰ ਨਿਰਦੇਸ਼ਕ ਇਹ ਪਹਿਲੀ ਫ਼ਿਲਮ ਹੈ। ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਸੁਰਮੀਤ ਮਾਵੀ ਨੇ ਲਿਖਿਆ ਹੈ। ਫ਼ਿਲਮ ਦੇ ਵਿਸ਼ੇ ਬਾਰੇ ਗੱਲ ਕਰਦਿਆਂ ਨਿਰਮਾਤਰੀ ਰੁਪਾਲੀ ਗੁਪਤਾ ਨੇ ਕਿਹਾ ਕਿ ਪਹਿਲੀਆਂ ਫ਼ਿਲਮਾਂ ਵਾਂਗ ਇਹ ਫ਼ਿਲਮ ਵੀ ਸਮਾਜ ਦੇ ਵੱਖ ਵੱਖ ਮੁੱਦਿਆਂ ਨਾਲ ਜੁੜੀ ਮਨੋਰੰਜਨ ਭਰਪੂਰ ਫ਼ਿਲਮ ਹੈ ਜੋ ਪੰਜਾਬ ਵਿੱਚ ਫੈਲੇ ਅੰਧ ਵਿਸ਼ਵਾਸ, ਡੇਰਾਵਾਦ ਅਤੇ ਸਿਆਸਤ ਦੀ ਆੜ ਵਿੱਚ ਹੁੰਦੇ ਨਜਾਇਜ਼ ਧੰਦਿਆਂ 'ਤੇ ਤਿੱਖਾ ਵਿਅੰਗ ਕਰਦੀ ਹੋਈ ਦਰਸ਼ਕਾਂ ਨੂੰ ਹਾਸੇ ਹਾਸੇ ਵਿੱਚ ਚੰਗਾ ਮੈਸੇਜ਼ ਦੇਵੇਗੀ। ਫ਼ਿਲਮ ਦੀ ਕਹਾਣੀ ਆਮ ਫ਼ਿਲਮਾਂ ਤੋਂ ਬਹੁਤ ਹਟਵੇਂ ਵਿਸ਼ੇ ਦੀ ਹੈ ।

ਇਸ ਫ਼ਿਲਮ ਵਿੱਚ ਰਵਿੰਦਰ ਗਰੇਵਾਲ, ਪੂਜਾ ਵਰਮਾ, ਜਸਵੰਤ ਰਾਠੌੜ, ਸਮਿੰਦਰ ਵਿੱਕੀ, ਹੌਬੀ ਧਾਲੀਵਾਲ, ਮਲਕੀਤ ਰੌਣੀ,ਗੁਰਪ੍ਰੀਤ ਕੌਰ ਭੰਗੂ, ਸੀਮਾ ਕੌਸ਼ਲ, ਸੁਖਦੇਵ ਬਰਨਾਲਾ, ਅਜੇ ਜੇਠੀ, ਯਾਦ ਗਰੇਵਾਲ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੇ ਗੀਤ ਰਵਿੰਦਰ ਗਰੇਵਾਲ, ਰਣਜੀਤ ਬਾਵਾ, ਗੁਰਲੇਜ਼ ਅਖ਼ਤਰ ਨੇ ਗਾਏ ਹਨ। ਓਮ ਜੀ ਗਰੁੱਪ ਵਲੋਂ ਇਹ ਫ਼ਿਲਮ 10 ਮਈ ਨੂੰ ਰਿਲੀਜ਼ ਕੀਤੀ ਜਾ ਰਹੀ ਹੈ।

**– ਗੁਰਨੈਬ ਸਿੰਘ ਗੀਗਾਮਾਜਰਾ**

# 'ਦਿਲ ਦੀਆਂ ਗੱਲਾਂ' ਨਾਲ ਲੰਮੀ ਪੁਲਾਂਘ ਪੁੱਟ ਰਹੀ ਵਾਮਿਕਾ ਗੱਬੀ



ਸਾਊਥ ਦੀਆਂ ਫ਼ਿਲਮਾਂ ਤੋਂ ਅਦਾਕਾਰੀ ਦਾ ਸਫ਼ਰ ਸ਼ੁਰੂ ਕਰਨ ਾਲੀ ਵਾਮਿਕਾ ਗੱਬੀ ਹੁਣ ਪੰਜਾਬੀ ਦਰਸ਼ਕਾਂ ਦੀ ਵੀ ਪਸੰਦ ਬਣ ਚੁੱਕੀ ਹੈ। ਪਿਛਲੇ ਸਾਲ ਆਈ ਫ਼ਿਲਮ 'ਨਿੱਕਾ ਜ਼ੈਲਦਾਰ 2' ਵਿੱਚ ਐਮੀ ਵਿਰਕ ਨਾਲ ਬਰਾਬਰ ਦੀ ਨਾਇਕਾ ਵਜੋਂ ਨਿਭੀ ਵਾਮਿਕਾ ਆਪਣੀਆਂ ਚੁਲਬੁਲੀਆਂ ਅਦਾਵਾਂ ਕਰਕੇ ਨੌਜਵਾਨ ਦਿਲਾਂ ਦੀ ਧੜਕਣ ਬਣ ਗਈ। ਵਾਮਿਕਾ ਕੋਲ ਇਸ ਵੇਲੇ ਕਈ ਚੰਗੀਆਂ ਫ਼ਿਲਮਾਂ ਹਨ। ਅਗਲੇ ਹਫ਼ਤੇ ਰਿਲੀਜ਼ ਹੋਣ ਵਾਲੀ 'ਦਿਲ ਦੀਆਂ ਗੱਲਾਂ' ਪਰਮੀਸ਼ ਵਰਮਾ ਨਾਲ ਅੱਜ ਦੇ ਸਮੇਂ ਦੀ ਇੱਕ ਲਵ ਸਟੋਰੀ ਅਧਾਰਤ ਹੈ। ਵਾਮਿਕਾ ਨੇ ਦੱਸਿਆ ਕਿ 'ਦਿਲ ਦੀਆਂ ਗੱਲਾਂ' ਆਮ ਫ਼ਿਲਮਾਂ ਤੋਂ ਹਟਕੇ ਦਿਲਾਂ ਨੂੰ ਝੰਜੋੜਨ ਵਾਲੀ ਇੱਕ ਇਮੋਸ਼ਨਲ ਲਵ ਸਟੋਰੀ ਹੈ। ਵਿਦੇਸ਼ੀ ਧਰਤੀ 'ਤੇ ਪੜ੍ਹਨ ਗਏ ਪੰਜਾਬੀ ਮੁੰਡੇ ਦੀਆਂ ਪਿਆਰ ਭਾਵਨਾਵਾਂ ਅਧਾਰਤ ਇਸ ਫ਼ਿਲਮ ਵਿੱਚ ਪਿਆਰ, ਵਿਛੋੜਾ, ਮਜਬੂਰੀਆ ਤੇ ਦਿਲਾਂ 'ਚ ਤੜਫ਼ ਦਾ ਅਹਿਸਾਸ ਹੈ। ਉਸਦਾ ਕਿਰਦਾਰ ਪਰਮੀਸ਼ ਵਰਮਾ ਨਾਲ ਨਾਇਕਾ ਵਜੋਂ ਹੈ। ਇਸ ਫ਼ਿਲਮ ਦਾ ਨਿਰਮਾਣ ਸਪੀਡ ਰਿਕਾਰਡਜ਼, ਪਿਟਾਰਾ ਟਾਕੀਜ਼ ਅਤੇ ਓਮ ਜੀ ਗਰੱਪ ਵਲੋਂ ਕੀਤਾ ਗਿਆ ਹੈ। 3 ਮਈ ਨੂੰ ਰਿਲੀਜ਼ ਹੋ ਰਹੀ ਪਟਾਰਾ ਟਾਕੀਜ਼ ਦੀ ਫ਼ਿਲਮ 'ਦਿਲ ਦੀਆਂ ਗੱਲਾਂ' ਆਪਣੇ ਰੁਮਾਂਟਿਕ ਵਿਸ਼ੇ ਕਰਕੇ ਹੀਰੋਇਨ ਵਾਮਿਕਾ ਗੱਬੀ ਨੂੰ ਇੱਕ ਵੱਖਰੇ ਮੁਕਾਮ 'ਤੇ ਲੈ ਜਾਣ ਦੀ ਸਮੱਰਥਾ ਰੱਖਦੀ ਹੈ। ਪਰਵਾਸ਼ੀ ਜੀਵਨ ਨਾਲ ਸਬੰਧਤ ਇਹ ਫ਼ਿਲਮ 'ਦਿਲ ਦੀਆਂ ਗੱਲਾਂ' ਪੰਜਾਬ ਅਤੇ ਲੰਡਨ ਦੀਆਂ ਖ਼ੂਬਸੂਰਤ ਲੁਕੇਸ਼ਨਾ 'ਤੇ ਫ਼ਿਲਮਾਈ ਗਈ ਹੈ। ਇਸ ਫ਼ਿਲਮ ਦਾ ਹੀਰੋ ਪਰਮੀਸ਼ ਵਰਮਾ ਹੈ। ਸਾਊਥ ਦੀਆਂ ਫ਼ਿਲਮਾਂ ਨਾਲ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਨ ਵਾਲੀ ਵਾਮਿਕਾ ਗੱਬੀ ਅੱਜ ਪੰਜਾਬੀ ਫ਼ਿਲਮਾਂ ਦੀ ਇੱਕ ਸਰਗਰਮ ਅਦਾਕਾਰਾ ਹੈ। 'ਨਿੱਕਾ ਜ਼ੈਲਦਾਰ 2, ਪ੍ਰਾਹੁਣਾ' ਆਦਿ ਫ਼ਿਲਮਾਂ ਕਰ ਚੁੱਕੀ ਵਾਮਿਕਾ ਕੋਲ ਭਵਿੱਖ ਵਿੱਚ ਵੀ ਕਈ ਵੱਡੀਆ ਫਿਲਮਾਂ ਹਨ। ਦਰਸ਼ਕ ਪਹਿਲੀ ਵਾਰ ਵਾਮਿਕਾ ਤੇ ਪਰਮੀਸ਼ ਵਰਮਾ ਨੂੰ ਰੁਮਾਂਟਿਕ ਕਿਰਦਾਰਾਂ ਵਿੱਚ ਵੇਖਣਗੇ। ਇਸ ਫ਼ਿਲਮ ਦੀ ਸ਼ੂਟਿੰਗ ਚੰਡੀਗੜ੍ਹ ਤੇ ਲੰਡਨ ਵਿਖੇ ਕੀਤੀ ਗਈ ਹੈ। ਪਰਮੀਸ਼ ਵਰਮਾ, ਵਾਮਿਕਾ ਗੱਬੀ, ਗੌਰਵ ਕੱਕੜ, ਬਨਿੰਦਰ ਬਨੀ ਆਦਿ ਕਲਾਕਾਰਾਂ ਨੇ ਇਸ ਫ਼ਿਲਮ ਵਿੱਚ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ ਦੇਸੀ ਕਰਿਊ, ਸੰਗਤਾਰ, ਯਸ਼ ਵਡਾਲੀ ਤੇ ਟਰੋਅ ਆਰਿਫ਼ ਨੇ ਤਿਆਰ ਕੀਤਾ ਹੈ। ਜਸਵੀਰ ਗੁਣਾਚੌਰੀਆਂ, ਮਨਦੀਪ ਮੇਵੀ, ਰਮਨ ਜੰਗਵਾਲ ਦੇ ਲਿਖੇ ਗੀਤਾਂ ਨੂੰ ਪਰਮੀਸ਼ ਵਰਮਾ, ਕਮਲ ਹੀਰ, ਪ੍ਰਭ ਗਿੱਲ ਤੇ ਯਸ਼ ਵਡਾਲੀ ਨੇ ਗਾਇਆ ਹੈ। ਇਸ ਫ਼ਿਲਮ ਦਾ ਸੰਗੀਤ ਸਪੀਡ ਰਿਕਾਰਡਜ਼ ਵਲੋਂ ਰਿਲੀਜ਼ ਕੀਤਾ ਗਿਆ ਹੈ।

**– ਹਰਜਿੰਦਰ ਸਿੰਘ ਜਵੰਦਾ**
**91-94638 28000**

## Thinking of Buying or Selling a Home? I Can Help!



COMMERCIAL & RESIDENTIAL REAL ESTATE

# JOHN SINGH BANGA

Honest & Experienced Realtor

**916-271-5404**

FOR OVER 15 YEARS A TOP PRODUCER

banga.realtor@gmail.com

www.banga.bhhser.com

CALBRE#01397975

MLS

BERKSHIRE HATHAWAY HomeServices Elite Real Estate

**DO YOU HAVE $3,000? If yes, we can help you buy your own home today using a down-payment assistance loan program.**

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




3-4 Bedrooms, 2.5 Bathrooms
Sq Ft: 1963, Lot Size:
Listing Price: 424,900
Roseville, CA




4 Bedrooms, 2.5 Bathrooms, Sq Ft: 1596
Lot Size: 6,098,
Listing Price: 279,900
Sacramento, CA




3 Bedrooms, 2.0 Bathrooms,
Sq Ft: 1,118, Lot Size: 6,970,
Listing Price: 279,000
Sacramento, CA




4 Bedrooms, 3.5 Bathrooms,
Sq Ft: 2,612, Lot Size: 8,425,
Listing Price: 619,000
Tracy, CA




8 Bedrooms, 3 Bathrooms,
Sq Ft: 1973,Lot Size: 8,102,
Listing Price $1,080,000
Pleasant Hills, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




5 Bedrooms, 2.5 Bathrooms,
Sq Ft: 2,504, Lot Size: 6,574,
Listing Price $399,000
Sacramento, CA




5 Bedrooms, 3 Bathrooms,
Sq Ft: 2.045, Lot Size: 5,284,
Listing Price $419,000
Elk Grove, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




2 Bedrooms, 2 Bathrooms
Sq Ft: 1,116, Rental,Income: $1500 Month
Listing Price $159,000
Sacramento, CA




BERKSHIRE HATHAWAY
Home Services
Elite Real Estate

**SPECIALISE IN BANK REPO**
**APARTMENTS, COMMERCIAL PROPERTIES, GAS STATIONS, HOTELS AND AGRICULTURAL LAND**

**OFFICE: 7412 ELSIE AVE., SACRAMENTO, CA 95828**


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com